# ਆਤਮਾ ਕੀ ਹੈ

ਵਧਾਵਾ ਸਿੰਘ ਐੱਮ.ਏ.

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਆਤਮਾ ਕੀ ਹੈ?

—ਸੇਵਕ—
**ਵਧਾਵਾ ਸਿੰਘ, ਐਮ.ਏ.**
ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

—ਪ੍ਰਕਾਸ਼ਕ—
**ਜਸਪਾਲ ਸਿੰਘ ਗਿੱਲ**

.......................................

**ਆਤਮਾ ਕੀ ਹੈ ?**

ਲੇਖਕ : **ਵਧਾਵਾ ਸਿੰਘ ਐਮ.ਏ.**

ਪਹਿਲੀ ਵਾਰ : **ਜੁਲਾਈ** 1970, 1000 **ਕਾਪੀਆਂ**
ਦੂਜੀ ਵਾਰ : **ਜੂਨ** 2004, 3000 **ਕਾਪੀਆਂ**
ਤੀਜੀ ਵਾਰ : **ਅਪ੍ਰੈਲ** 2015, 800 **ਕਾਪੀਆਂ**

**ਸਭ ਹੱਕ ਰਾਖਵੇਂ ਹਨ।**

ਭੇਟਾ : **ਅਮਲ ਤੇ ਵੀਚਾਰ**

ਪ੍ਰਕਾਸ਼ਕ :
**ਜਸਪਾਲ ਸਿੰਘ ਗਿੱਲ**

**Sant Baba Amer Singh Boriwale**
**Village Gondpur**
**M/no: 9815089404**

ਪ੍ਰਿੰਟਰਜ਼:
**ਪ੍ਰਿੰਟਵੈੱਲ,**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



## ਧੰਨਵਾਦੀ ਸ਼ਬਦ !

ਆਤਮਾ ਕੀ ਹੈ ? ਪੁਸਤਕ ਮੇਰੇ ਪਿਤਾ ਗਿਆਨੀ ਵਧਾਵਾ ਸਿੰਘ ਜੀ (ਭਾਸ਼ਾ ਵਿਭਾਗ, ਪੰਜਾਬ) ਦੀ ਦੂਸਰੀ ਪੁਸਤਕ ਹੈ। ਇਸ ਪੁਸਤਕ ਨੂੰ ਸੰਤ ਬਾਬਾ ਹਰਨਾਮ ਸਿੰਘ ਜੀ ਕੁਟੀਆ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਾਲੇ ਬਹੁਤ ਪਸੰਦ ਕਰਦੇ ਸਨ ਕਿਉਂਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ ਵਿਚਾਰਧਾਰਾ ਅਨੁਸਾਰ 'ਆਤਮਾ' ਦੀ ਵਿਆਖਿਆ ਕੀਤੀ ਗਈ ਹੈ। ਇਸ ਤੋਂ ਸਤਿ ਮਾਰਗ ਦੇ ਪਾਂਧੀਆਂ ਨੂੰ 'ਆਤਮਾ' ਦੀਆਂ ਵੱਖ-ਵੱਖ ਅਵਸਥਾਵਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਪੁਸਤਕ ਪਹਿਲਾਂ ਵੀ ਇਸ ਅਸਥਾਨ ਵਲੋਂ ਛਪਵਾ ਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਤੱਕ ਪਹੁੰਚਾਈ ਗਈ ਸੀ। ਪਿਛਲੇ ਕੁਝ ਸਮੇਂ ਤੋਂ ਇਸ ਪੁਸਤਕ ਦੀ ਤੀਸਰੀ ਐਡੀਸ਼ਨ ਦੀ ਲੋੜ ਮਹਿਸੂਸ ਹੋ ਰਹੀ ਸੀ। ਸੰਗਤਾਂ ਦੀ ਇੱਛਾ ਨੂੰ ਮੁੱਖ ਰਖਦਿਆਂ ਇਸ ਦੀ ਤੀਸਰੀ ਐਡੀਸ਼ਨ ਆਪ ਦੇ ਹੱਥਾਂ ਵਿਚ ਪਹੁੰਚ ਰਹੀ ਹੈ। ਇਸ ਨੂੰ ਛਪਵਾਉਣ ਦੀ ਸੇਵਾ ਪ੍ਰਿੰਸੀਪਲ ਜਗਜੀਤ ਸਿੰਘ ਗੀਹਲ ਅਤੇ ਉਨ੍ਹਾਂ ਦੇ ਭਰਾ ਸ. ਗੁਰਦੀਪ ਸਿੰਘ ਗੀਹਲ (ਕੈਲੇਫੋਰਨੀਆ) ਨੇ ਕੀਤੀ ਹੈ। ਗੁਰੂ ਸਾਹਿਬ ਸਦਾ ਹੀ ਉਨ੍ਹਾਂ ਉਪਰ ਆਪਣੀਆਂ ਮਿਹਰਾਂ ਰੱਖਣ। ਚੇਤਨ ਸਿੰਘ ਖ਼ਾਲਸਾ ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਨ ਕਾਰਜ ਵਿਚ ਮਿਲੇ ਸਹਿਯੋਗ ਲਈ ਸਾਡਾ ਪਰਿਵਾਰ ਧੰਨਵਾਦੀ ਹੈ।

ਆਸ ਹੈ ਪਾਠਕ ਇਸ ਪੁਸਤਕ ਦਾ ਪੂਰਾ ਲਾਭ ਉਠਾਉਣਗੇ !

**ਜਸਪਾਲ ਸਿੰਘ ਗਿੱਲ**
ਅਤੇ
**ਗਿਆਨੀ ਵਧਾਵਾ ਸਿੰਘ ਜੀ**
ਦਾ ਸਮੂਹ ਪਰਿਵਾਰ

**ਪਹਿਲੀ ਵੈਸਾਖ, ਸੰਨ ੨੦੧੫**

## ਜ਼ਰੂਰੀ ਸ਼ਬਦ

"ਨਾਮ ਕੀ ਹੈ", ਵਾਂਗ "ਆਤਮਾ ਕੀ ਹੈ" ਦਾ ਭਾਵ ਵੀ ਪ੍ਰਭੂ-ਹੋਂਦ ਹੀ ਹੈ। 'ਆਤਮਾ ਕੀ ਹੈ' ਦੀ ਪੁਸਤਕ ਪਹਿਲੀ ਵਾਰ ਜੁਲਾਈ ੧੯੭੦ ਵਿਚ (੧੦੦੦ ਕਾਪੀਆਂ) ਛਪੀ ਸੀ। ਪਹਿਲੀ ਐਡੀਸ਼ਨ ਛੇਤੀ ਹੀ ਖ਼ਤਮ ਹੋ ਗਈ। ਦਾਸ ੧੯੭੪ ਵਿਚ ਅਮਰੀਕਾ (ਕੈਲੀਫੋਰਨੀਆ) ਆ ਗਿਆ ਅਤੇ ਇਸ ਨੂੰ ਰਿਵਾਈਜ਼ ਕਰਨ ਤੇ ਮੁੜ ਛਪਵਾਉਣ ਦਾ ਕੰਮ ਹੁਣ ਤਕ ਨਹੀਂ ਹੋ ਸਕਿਆ ਸੀ ਭਾਵੇਂ ਸੰਗਤਾਂ ਵੱਲੋਂ ਇਸ ਪੁਸਤਕ ਦੀ ਮੰਗ ਉਸੇ ਤਰ੍ਹਾਂ ਲਗਾਤਾਰ ਹੋ ਰਹੀ ਸੀ। ਡੇਢ ਕੁ ਮਹੀਨੇ ਦੀ ਗੱਲ ਹੈ ਕਿ ਸੰਤ ਬਾਬਾ ਸੇਵਾ ਸਿੰਘ ਜੀ ਦਾ ਰਾਮਪੁਰ ਖੇੜਾ (ਹੁਸ਼ਿਆਰਪੁਰ, ਇੰਡੀਆ) ਤੋਂ ਟੈਲੀਫ਼ੋਨ ਆਇਆ ਕਿ ਸੰਗਤਾਂ ਪੁੱਛਦੀਆਂ ਹਨ ਕਿ ਪੁਸਤਕ 'ਨਾਮ ਕੀ ਹੈ' ਤਾਂ ਦੁਬਾਰਾ ਛਪ ਗਈ ਹੈ ਪਰ 'ਆਤਮਾ ਕੀ ਹੈ' ਪੁਸਤਕ ਦਾ ਕੀ ਬਣਿਆ ਹੈ ? ਟੈਲੀਫ਼ੋਨ ਸੁਣਦੇ ਸਾਰ ਮਾਨੋ ਮਨ ਦੀ ਆਲਸ ਦੂਰ ਹੋ ਗਈ। ਮਨ ਉਮਾਹ ਵਿਚ ਆਇਆ ਤੇ ਅਗਲੇ ਦਿਨ ਹੀ ਪੁਸਤਕ ਚੁੱਕ ਲਈ ਅਤੇ ਰਿਵਾਈਜ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਦਾ ਸਿੱਟਾ ਇਹ ਹੈ ਕਿ ਅੱਜ ਇਹ ਪੁਸਤਕ ਛਪਣ ਲਈ ਤਿਆਰ ਹੈ ਅਤੇ ਆਸ ਹੈ ਕਿ ਛੇਤੀ ਹੀ ਆਪ ਜੀ ਦੇ ਹੱਥਾਂ ਵਿਚ ਛਪ ਕੇ ਪਹੁੰਚ ਜਾਵੇਗੀ। ਦਾਸ ਸੰਤ ਬਾਬਾ ਸੇਵਾ ਸਿੰਘ ਜੀ ਦਾ ਅਤਿ ਧੰਨਵਾਦੀ ਹੈ ਜੋ ਆਪ ਜੀ ਦਾਸ ਦਾ ਸਦਾ ਖਿਆਲ ਰੱਖਦੇ ਅਤੇ ਅਸੀਸਾਂ ਦਿੰਦੇ ਹਨ। ਦਾਸ ਸੰਤ ਬਾਬਾ ਬਲਵਿੰਦਰ ਸਿੰਘ ਜੀ (ਪਿੰਡ ਨੱਟ ਲੁਧਿਆਣਾ) ਦਾ ਵੀ ਸਦਾ ਧੰਨਵਾਦੀ ਹੈ ਜੋ ਅਸੀਸਾਂ ਰਾਹੀਂ ਸਦਾ ਹੀ ਨਿਵਾਜਦੇ ਰਹਿੰਦੇ ਹਨ। ਇਸ ਦੇ ਨਾਲ ਹੀ ਪੁਸਤਕ ਦੀ ਛਪਵਾਈ ਆਦਿ ਦਾ ਪ੍ਰਬੰਧ ਵੀ ਸਾਰਾ ਆਪ ਹੀ ਕਰਦੇ ਹਨ।

ਪੁਸਤਕ ਦੀ ਇਸ ਦੂਜੀ ਐਡੀਸ਼ਨ ਵਿਚ ਕੋਈ ਸਿਧਾਂਤਕ ਤਬਦੀਲੀ ਨਹੀਂ ਹੈ। ਕੇਵਲ ਇਕ ਪਹਿਲਾ ਕਾਂਡ 'ਆਤਮ ਵਿਚਾਰ' ਹੋਰ ਵਧਾਇਆ ਹੈ ਅਤੇ ਬੋਲੀ ਨੂੰ ਸਰਲ ਬਣਾਉਣ ਦਾ ਯਤਨ ਕੀਤਾ ਹੈ। ਇਸ ਪੁਸਤਕ ਦੀ ਛਪਾਈ ਲਈ ਮਾਇਕ ਸੇਵਾ. ਸ. ਅਮਰੀਕ ਸਿੰਘ ਧੁੱਗਾ ਤੇ ਉਨ੍ਹਾਂ ਦੇ ਸਮੂਹ ਧੁੱਗਾ ਪਰਿਵਾਰ (ਇੰਡੀਆ ਤੇ ਕੈਲੀਫੋਰਨੀਆ) ਵੱਲੋਂ ਹੋਈ ਹੈ। ਪੁਸਤਕ ਦੀ ਤਿਆਰੀ ਵਿਚ ਟਾਈਪ ਆਦਿ ਦੀ ਸੇਵਾ ਸ. ਸੁਰਜੀਤ ਸਿੰਘ ਢਿੱਲੋਂ, ਪ੍ਰਧਾਨ ਸਿੱਖ ਟੈਂਪਲ ਸੈਕਰਾਮੈਂਟੋ ਵੱਲੋਂ ਹੋਈ ਹੈ। ਮੈਂ ਦੋਹਾਂ ਪਰਿਵਾਰਾਂ ਦਾ ਹਾਰਦਿਕ ਧੰਨਵਾਦੀ ਹਾਂ।

ਦਾਸਨ ਦਾਸ

ਜਨਵਰੀ ੨੦੦੪ **ਵਧਾਵਾ ਸਿੰਘ**



ਸ੍ਰੀ ਅਕਾਲ ਜੀ ਸਹਾਇ॥

## ਦੋ ਸ਼ਬਦ

**"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥"**

(ਸਿਰੀ ਰਾਗ ਮ. ੧-੧੭)

'ਆਤਮਾ ਕੀ ਹੈ ?' ਜਾਣਨਾ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ। ਉਹ ਪਰਮ-ਆਤਮਾ ਆਪਣਾ ਗਿਆਨ ਆਪ ਹੀ ਜਾਣਦਾ ਹੈ ਅਤੇ ਜਿਸ ਨੂੰ ਉਹ ਜਣਾਉਂਦਾ ਵੀ ਹੈ, ਉਸ ਨੂੰ ਆਪਣਾ ਬਣਾ ਕੇ ਹੀ ਜਣਾਉਂਦਾ ਹੈ ਕਿਉਂ ਜੋ ਸੋਝੀ 'ਏਕੇ' ਵਿਚ ਹੈ, ਦੋ (ਦਵੈਤ) ਵਿਚ ਨਹੀਂ। ਜੀਵ ਦੀ ਆਪਣੀ ਮਨ ਤੇ ਬੁੱਧੀ ਉਸ ਅਗੰਮ ਤੇ ਅਗੋਚਰ ਨੂੰ ਨਹੀਂ ਜਾਣ ਸਕਦੀ। ਫਿਰ ਏਕੇ ਵਾਲੀ ਅਵਸਥਾ ਵਿਚ ਪ੍ਰਾਪਤ ਹੋਣ ਵਾਲੇ ਅਕਹਿ ਤੇ ਅਕੱਥ ਗਿਆਨ ਨੂੰ ਦਵੈਤ ਵਾਲੇ ਲਿਖਤੀ ਰੂਪ ਵਿਚ ਪੂਰੀ ਤਰ੍ਹਾਂ ਲਿਆਉਣਾ ਹੋਰ ਵੀ ਅਸੰਭਵ ਜਿਹੀ ਗੱਲ ਹੈ। ਇਹ ਤਾਂ ਗੂੰਗੇ ਦੇ ਗੁੜ ਖਾ ਕੇ ਉਸ ਦੇ ਰਸ ਨੂੰ ਬਿਆਨ ਕਰਨ ਵਾਲੀ ਗੱਲ ਹੈ। ਇਹ ਜਾਣਦੇ ਹੋਏ ਕਿ ਉਸ ਸਾਂਝੇ ਕੰਤ ਦੀਆਂ ਤਾਂ ਸਾਰੀਆਂ ਹੀ ਇਸਤਰੀਆਂ ਹਨ ਤੇ ਉਨ੍ਹਾਂ ਵਿਚੋਂ ਅਨੇਕਾਂ ਹੀ ਪ੍ਰਵਾਨ ਚੜ੍ਹੀਆਂ ਰੰਗ-ਰੱਤੀਆਂ ਪ੍ਰਭੂ-ਦੁਆਰੇ 'ਤੇ ਖੜੀਆਂ ਪ੍ਰਭੂ-ਮਿਲਾਪ ਦਾ ਰਸ ਮਾਣਦੀਆਂ ਹਨ ਅਤੇ ਉਹ ਇਕ ਤੋਂ ਇਕ ਵੱਧ ਸੁੰਦਰ ਹਨ ਤੇ ਮੈਂ ਉਨ੍ਹਾਂ ਵਿਚੋਂ ਕਿਸੇ ਵਰਗੀ ਵੀ ਨਹੀ :-

**ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ॥**
**ਯਾਰ ਵੇ ਹਿਕ ਡੂੰ ਹਿਕ ਚਾੜੈ ਹਉ ਕਿਸੁ ਚਿਤੇਹੀਆ॥**

(ਜੈਤਸਰੀ ਮ: ੫-੭੦੩)

ਇਸ ਪੁਸਤਕ ਰਾਹੀਂ ਆਪਣੀਆਂ ਉਕਤ ਸਖੀਆਂ ਨਾਲ ਮਿਲ ਕੇ ਇਸ ਆਸ ਨਾਲ ਆਪਣੇ ਸੰਮ੍ਰਥ ਕੰਤ ਦੀਆਂ ਗੱਲਾਂ (ਕਥਾ ਕਹਾਣੀਆਂ) ਕਰਨ ਦਾ ਯਤਨ ਕੀਤਾ ਹੈ ਕਿ ਉਹ ਆਪਣੇ ਤੋਂ ਨੀਵੀਆਂ ਦੀਆਂ ਗੱਲਾਂ ਵੀ ਹਮਦਰਦੀ ਨਾਲ ਸੁਣਦੀਆਂ ਹਨ ਅਤੇ ਉਨ੍ਹਾਂ ਨੂੰ ਵੀ ਆਪਣੇ ਨਾਲ ਰਲਾਉਣ ਦਾ ਹਰ ਯਤਨ ਕਰਦੀਆਂ ਹਨ। ਇਹ ਗਿਆਨ ਵੀ ਪੂਰਨ ਗਿਆਨ ਨਹੀਂ ਹੋ ਸਕਦਾ ਕਿਉਂ ਜੋ ਬੇਅੰਤ ਪ੍ਰਭੂ ਦੇ ਗਿਆਨ ਦਾ ਕੋਈ ਪਾਰਾਵਾਰ ਨਹੀਂ ਅਤੇ ਨਾ ਹੀ ਇਸ ਨੂੰ ਉਸ ਦੀ ਢੁਕਵੀਂ ਵਡਿਆਈ ਹੀ ਕਿਹਾ ਜਾ ਸਕਦਾ ਹੈ :-

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥**

(ਬਿਲਾਵਲੁ ਮਹਲਾ ੧-੭੯੫)

ਪਰ ਫਿਰ ਵੀ ਬੱਚੇ ਦੀਆਂ ਤੋਤਲੀਆਂ ਗੱਲਾਂ ਉੱਤੇ ਪਿਤਾ ਦੇ ਪ੍ਰਸੰਨ ਹੋਣ

ਵਾਂਗ ਇਹ ਆਸ ਰੱਖਦਾ ਹਾਂ ਕਿ ਮੇਰਾ 'ਰੰਗੁਲਾ ਪ੍ਰੀਤਮ' ਇਸ ਨਿਮਾਣੀ ਵੱਲ ਵੀ ਮਿਹਰ ਭਰੀ ਨਿਗਾਹ ਨਾਲ ਵੇਖੇਗਾ ਅਤੇ ਮੇਰੀਆਂ ਪਿਆਰੀਆਂ ਸਹੇਲੀਆਂ ਵੀ ਮੈਨੂੰ ਨਿਤ ਨਵੇਂ ਪ੍ਰਭੂ-ਰੰਗ ਬਖਸ਼ੇ ਜਾਣ ਲਈ ਆਪਣੀਆਂ ਅਸੀਸਾਂ ਦੇਣਗੀਆਂ।

ਗੁਰੂ-ਗਿਆਨ ਨੂੰ ਸਮਝਣ ਵਿਚ ਗੁਰਸਿੱਖ ਤੋਂ ਕਿੰਨੀ ਰਲਾਵਟ ਜਾਂ ਮਨਮੱਤ ਹੁੰਦੀ ਹੈ ਜਾਂ ਗੁਰੂ ਕਿਸੇ ਗੁਰਸਿੱਖ ਨੂੰ ਆਪਣੇ ਕਿੰਨੇ ਨੇੜੇ ਲਿਆ ਕੇ ਆਪਣਾ ਗਿਆਨ ਬਖ਼ਸ਼ਦਾ ਹੈ, ਇਹ ਉਸ ਗੁਰਸਿੱਖ ਲਈ ਤਾਂ ਰਾਜ਼ ਵਾਲੀ ਹੀ ਗੱਲ ਹੁੰਦੀ ਹੈ ਕਿਉਂ ਜੋ ਇਸ ਨੂੰ ਤਾਂ ਗੁਰੂ ਹੀ ਕੇਵਲ ਜਾਣਦਾ ਹੁੰਦਾ ਹੈ। ਇਸ ਲਈ ਦਾਸ ਆਪਣੀ ਹਰ ਭੁੱਲ ਤੇ ਉਕਾਈ ਲਈ ਸਦਾ ਖ਼ਿਮਾ ਮੰਗਦਾ ਹੈ ਅਤੇ ਗੁਰੂ-ਖ਼ਾਲਸੇ ਤੋਂ ਸੁਮੱਤ ਤੇ ਗੁਰਮਤਿ ਪ੍ਰਦਾਨ ਕੀਤੇ ਜਾਣ ਲਈ ਯਾਚਨਾ ਕਰਦਾ ਹੈ।

ਗੁਰੂ ਪਿਆਰੀ ਸਾਧ-ਸੰਗਤ ਦਾ ਹੱਥ ਸਦਾ ਹੀ ਮੇਰੇ ਸਿਰ 'ਤੇ ਰਿਹਾ ਹੈ। ਕਈ ਗੁਰਮੁਖ ਪਿਆਰਿਆਂ ਨੇ ਇਹ ਪੁਸਤਕ ਲਿਖਣ ਸੰਬੰਧੀ ਆਪਣੀਆਂ ਅਸੀਸਾਂ ਦਿੱਤੀਆਂ ਹਨ। ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ (ਗੁਰਦੁਆਰਾ ਰਾਮਪੁਰ ਖੇੜਾ, ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਸਦਾ ਹੀ ਅਸੀਸ ਮਿਲਦੀ ਰਹਿੰਦੀ ਹੈ ਅਤੇ ਇਸ ਪੁਸਤਕ ਲਈ ਤਾਂ ਵਿਸ਼ੇਸ਼ ਅਸ਼ੀਰਵਾਦ ਮਿਲੀ ਹੈ। ਦਾਸ ਇਨ੍ਹਾਂ ਸਾਰਿਆਂ ਦਾ ਸਦਾ ਰਿਣੀ ਹੈ। ਜਿਨ੍ਹਾਂ ਸੱਜਣਾਂ ਨੇ ਇਸ ਪੁਸਤਕ ਦੀ ਤਿਆਰੀ ਵਿਚ ਸੇਵਾ ਕੀਤੀ ਹੈ ਤੇ ਹੱਥ ਵਟਾਇਆ ਹੈ, ਉਨ੍ਹਾਂ ਸਭ ਦਾ ਮੈਂ ਦਿਲੋਂ ਧੰਨਵਾਦੀ ਹਾਂ ਤੇ ਉਨ੍ਹਾਂ ਲਈ ਗੁਰੂ ਚਰਨਾਂ ਵਿਚ ਮੇਰੀ ਅਰਦਾਸ ਹੈ ਕਿ ਉਨ੍ਹਾਂ ਨੂੰ ਆਪਣੇ ਦਰੋਂ-ਘਰੋਂ ਸਿੱਖੀ ਸਿਦਕ ਭਰੋਸਾ ਦਾਨ, ਨਾਮ ਦਾਨ ਬਖ਼ਸ਼ਣ।

ਇਸ ਪੁਸਤਕ ਦੀ ਤਿਆਰੀ ਵਿਚ, ਗੁਰਬਾਣੀ ਦੇ ਅਰਥ ਦੇਣ ਦੇ ਭਾਵਾਂ ਨੂੰ ਸਪੱਸ਼ਟ ਕਰਨ ਆਦਿ ਲਈ ਜਿਨ੍ਹਾਂ-ਜਿਨ੍ਹਾਂ ਪੁਸਤਕਾਂ ਤੇ ਗ੍ਰੰਥਾਂ ਤੋਂ ਸਹਾਇਤਾ ਲਈ ਗਈ ਹੈ, ਦਾਸ ਉਨ੍ਹਾਂ ਦੇ ਕਰਤਿਆਂ ਦਾ ਵੀ ਧੰਨਵਾਦੀ ਹੈ।

੧੦ ਜੁਲਾਈ, ੧੯੭੦

ਗੁਰੂ-ਮੇਲ ਭਰੀਆਂ ਅਸੀਸਾਂ ਦਾ ਸਦਾ ਜਾਚਕ,
ਗੁਰ ਸੰਗਤ ਦਾ ਸੇਵਾਦਾਰ,
**ਵਧਾਵਾ ਸਿੰਘ**

ooo



## ਆਤਮਾ ਕੀ ਹੈ ?

'ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥
ਨਾ ਇਸੁ ਦੂਖੁ ਨਹੀ ਜਮਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥
ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥
ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥
ਘਟ ਘਟ ਅੰਤਰਿ ਸਦ ਹੀ ਜਾਗੈ ॥੩॥
ਤੀਨਿ ਗੁਣਾ ਇਕ ਸਕਤਿ ਉਪਾਇਆ ॥
ਮਹਾ ਮਾਇਆ ਤਾ ਕੀ ਹੈ ਛਾਇਆ ॥
ਅਛਲ ਅਛੇਦ ਅਭੇਦ ਦਇਆਲ ॥
ਦੀਨ ਦਇਆਲ ਸਦਾ ਕਿਰਪਾਲ ॥
ਤਾ ਕੀ ਗਤਿ ਮਿਤਿ ਕਛੂ ਨ ਪਾਇ ॥
ਨਾਨਕ ਤਾ ਕੈ ਬਲਿ ਬਲਿ ਜਾਇ ॥੪॥
(ਗੋਂਡ ਮ: ੫-੮੬੮)

# ਤਤਕਰਾ


| ਕੀ | ਕਿਥੇ |
|---|---|
| ੧. ਆਤਮ-ਵਿਚਾਰ | ੯ |
| ੨. ਦੀਸਣਹਾਰ ਸੰਸਾਰ, ਅਵਿਦਿਆ ਤੇ ਆਤਮਾ | ੧੩ |
| ੩. ਆਤਮਾ ਦਾ ਸਰੂਪ | ੨੨ |
| 1. ੳ) ਸਤਿ (ਹੋਂਦ) | ੨੨ |
| ਅ) ਪ੍ਰਕਾਸ਼ (ਚਿਤ=ਚੇਤਨ) | ੨੩ |
| ਈ) ਆਨੰਦ ਸਰੂਪ | ੨੪ |
| ਸ) ਆਪਾ-ਭਾਵ | ੨੫ |
| 2. ਆਤਮਾ ਦਾ ਪਰਤਾਪ | ੨੮ |
| 3. ਹੋਰ ਗੁਣ | ੨੯ |
| ੪. ਆਤਮ-ਵਿਸਥਾਰ | ੩੨ |
| ੳ) ਜੀਵ ਆਤਮਾ | ੩੨ |
| ਅ) ਮਨ | ੩੬ |
| ੲ) ਪ੍ਰਕਿਰਤੀ | ੪੧ |
| ੫. ਮਨਮੁਖ ਤੇ ਗੁਰਮੁਖ ਜੀਵ-ਆਤਮਾ | ੪੯ |
| ੬. ਆਤਮ-ਮਾਰਗ | ੬੨ |
| ਸੁਰਤ : | ੬੬ |
| ੳ) ਮਨਕਾਰ | ੬੭ |
| ਅ) ਸ਼ਬਦਕਾਰ | ੭੦ |
| ੲ) ਆਤਮਾਕਾਰ | ੭੮ |
| ੭. 'ਆਪੇ-ਆਪ' ਅਵਸਥਾ | ੮੪ |
| ੮. ਆਤਮਦਾਨ-ਜੀਅਦਾਨ | ੮੭ |


ooo



੧ਓ ਸਤਿਗੁਰ ਪ੍ਰਸਾਦਿ ॥

**ਪਹਿਲਾ ਕਾਂਡ**

## ਆਤਮ ਵਿਚਾਰ

ਇਕ ਵਾਰ ਮੈਂ ਆਪਣੇ ਪਰਿਵਾਰ, ਦੋਹਤੇ ਤੇ ਦੋਹਤੀਆਂ ਵਿਚ ਬੈਠਾ ਸੀ। ਮੇਰਾ ਇਕ ਦੋਹਤਾ ਕਾਕਾ ਸੁਖਦੀਪ ਸਿੰਘ ਜੋ ਉਦੋਂ ੧੪ ਸਾਲਾਂ ਦਾ ਸੀ, ਮੈਨੂੰ ਪੁੱਛਣ ਲੱਗਾ ਕਿ ਨਾਨਾ ਜੀ, ਆਤਮਾ ਕੀ ਹੁੰਦਾ ਹੈ ? ਮੈਂ ਇਸ ਬੱਚੇ ਦੇ ਸਵਾਲ 'ਤੇ ਬਹੁਤ ਹੈਰਾਨ ਹੋਇਆ ਕਿਉਂ ਜੋ ਇਹ ਇਕ ਬਾਲਗ ਜਾਂ ਬਿਰਧ ਜੀਵਾਂ ਵਾਲਾ ਸਵਾਲ ਸੀ। ਇਹ ਸਵਾਲ ਬੱਚਿਆਂ ਦੇ ਲੈਵਲ ਦਾ ਨਹੀਂ ਸੀ। ਫਿਰ ਵੀ ਮੇਰਾ ਇਹ ਫ਼ਰਜ਼ ਬਣਦਾ ਸੀ ਕਿ ਮੈਂ ਉਸ ਨੂੰ ਠੀਕ ਵਾਜਬ ਉੱਤਰ ਦੇ ਕੇ ਉਸ ਦੀ ਤਸੱਲੀ ਕਰਾਉਂਦਾ। ਮੈਂ ਆਖਿਆ—ਕਾਕਾ ! ਆਤਮਾ ਕੋਈ ਸਰੀਰ ਤਾਂ ਹੈ ਨਹੀਂ, ਇਹ ਤਾਂ ਸਰੀਰ ਦੇ ਅੰਦਰ ਕੋਈ ਜਿਊਂਦੀ ਜਾਗਦੀ ਚੀਜ਼ ਹੈ ਜੋ ਸਰੀਰ ਨੂੰ ਤਾਕਤ ਦੇ ਕੇ ਤੁਰਨ, ਬੋਲਣ ਤੇ ਸੋਚਣ ਦੇ ਸਮਰੱਥ ਬਣਾਉਂਦੀ ਹੈ। ਇਹ ਹੀ ਦਿਸਦੇ ਤੇ ਅਣਦਿਸਦੇ ਸੰਸਾਰ ਦੀ ਰਚਨਾ ਕਰਦੀ ਹੈ। ਓਅੰਕਾਰ, ਵਾਹਿਗੁਰੂ, ਆਤਮਾ ਦਾ ਰੂਪ ਹੋ ਕੇ, ਹਰ ਥਾਂ, ਹਰ ਘਟ ਵਿਚ ਇਕਸਾਰ ਵਿਆਪਦਾ ਹੋਇਆ ਸਰੀਰਾਂ ਰਾਹੀਂ ਸਾਰੇ ਕਾਰਜ ਕਰਦਾ ਕਰਾਉਂਦਾ ਹੈ। ਇਸ ਦਾ ਨਮੂਨਾ ਵੇਖਣ ਲਈ ਤੂੰ ਅੱਖਾਂ ਬੰਦ ਕਰ ਲੈ ਅਤੇ ਸਰੀਰ ਦਾ ਖ਼ਿਆਲ ਬਿਲਕੁਲ ਦੂਰ ਕਰ ਕੇ ਆਪਣੇ ਆਪ ਨੂੰ ਸਮਝਣ ਦਾ ਜਤਨ ਕਰ ਕਿ ਤੂੰ ਕੀ ਚੀਜ਼ ਹੈਂ। ਕਾਕਾ ਸੁਖਦੀਪ ਸਿੰਘ ਨੇ ਅੱਖਾਂ ਬੰਦ ਕਰ ਲਈਆਂ ਤੇ ਦੋ ਕੁ ਮਿੰਟ ਬਾਅਦ ਮੈਨੂੰ ਦੱਸਣ ਲੱਗਾ ਕਿ ਨਾਨਾ ਜੀ, ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਇਕ ਜਿਊਂਦੀ ਚੀਜ਼ ਹਾਂ ਅਤੇ ਇਹ ਮੈਨੂੰ ਆਪਣੀ ਅਕਲ/ਸੋਝੀ ਰਾਹੀਂ ਪਤਾ ਲੱਗ ਰਿਹਾ ਹੈ; ਹੋਰ ਮੈਨੂੰ ਦਿਸਦਾ ਕੁਝ ਨਹੀਂ। ਮੈਂ ਉਸ ਨੂੰ ਦੱਸਿਆ ਕਿ ਇਹੋ ਤੇਰੀ ਹੋਂਦ ਦਾ ਭਾਵ ਹੀ (ਜੀਵ) ਆਤਮਾ ਹੈ। ਜੀਵ-ਆਤਮਾ ਹੋਣ ਕਰਕੇ ਇਸ ਨੂੰ ਕੋਈ ਹੋਰ ਸੋਝੀ ਨਹੀਂ ਹੈ। ਇਹ ਅਗਿਆਨੀ ਹੈ। ਪਰ ਜਦੋਂ ਇਸ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ, ਇਹ ਵਜੂਦ/ਹੋਂਦ ਪੂਰੇ ਖਿੜਾਓ ਪ੍ਰਕਾਸ਼ ਵਿਚ ਹੋ ਜਾਂਦੀ ਹੈ ਅਤੇ ਇਹ ਨਿਰੋਲ ਆਤਮਾ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

੨

ਅਸੀਂ ਇਸ ਆਪਣੀ ਹੋਂਦ ਨੂੰ ਲਹੂ, ਮਾਸ, ਨਾੜੀਆਂ ਆਦਿ ਦੀ ਬਣੀ ਸਮਝਦੇ ਹਾਂ ਪਰ ਇਹ ਸਾਡਾ ਭੁਲੇਖਾ ਹੈ। ਇਹ ਹੋਂਦ ਸਾਡੇ ਸਥੂਲ ਸਰੀਰ ਨਾਲੋਂ ਵੱਖ ਵੀ ਹੋ ਜਾਂਦੀ ਹੈ। ਸਾਡਾ ਇਹ ਵਜੂਦ/ਆਤਮਾ ਸਰਬ ਵਿਆਪਕ ਹੈ। ਜਿਥੇ

ਧਿਆਨ ਕਰਦੇ ਹਾਂ, ਉਥੇ ਹੀ ਮੌਜੂਦ ਹੁੰਦਾ ਹੈ, ਮਾਨੋ ਇਹ ਧਿਆਨ, ਸੁਰਤ ਜਾਂ ਮਨ ਆਪ ਹੀ ਹੈ। ਮੈਂ ਕਾਕਾ ਸੁਖਦੀਪ ਸਿੰਘ ਨੂੰ ਫਿਰ ਅੱਖਾਂ ਬੰਦ ਕਰਨ ਲਈ ਆਖਿਆ। ਅਸੀਂ ਮੌਡੈਸਟੋ (ਕੈਲੀਫੋਰਨੀਆ) ਘਰ ਵਿਚ ਬੈਠੇ ਸੀ। ਮੈਂ ਉਸ ਨੂੰ ਉਸ ਦੀ ਕੋਠੀ ਜਿਹੜੀ ਮਾਡਲ ਟਾਊਨ ਹੁਸ਼ਿਆਰਪੁਰ ਵਿਚ ਹੈ, ਦੇ ਦਰਵਾਜ਼ੇ ਅੱਗੇ ਪਹੁੰਚ ਜਾਣ ਲਈ ਕਿਹਾ। ਉਸ ਨੇ ਕਿਹਾ, "ਲਉ, ਨਾਨਾ ਜੀ, ਮੈਂ ਪਹੁੰਚ ਗਿਆ ਹਾਂ।" ਮੈਂ ਆਖਿਆ ਕਿ ਜੇ ਦਰਵਾਜ਼ਾ ਬੰਦ ਵੀ ਹੈ ਤਾਂ ਵੀ ਧੱਕਾ ਮਾਰ ਕੇ ਖੋਲ੍ਹ ਕੇ ਅੰਦਰ ਵੜ ਜਾ। ਉਸ ਨੇ ਕਿਹਾ, "ਨਾਨਾ ਜੀ, ਮੈਂ ਘਰ ਦੇ ਅੰਦਰ ਲਿਵਿੰਗ ਰੂਮ ਵਿਚ ਹਾਂ।" ਮੈਂ ਉਸ ਨੂੰ ਕੁਰਸੀ ਲੈ ਕੇ ਬੈਠ ਜਾਣ ਲਈ ਕਿਹਾ। "ਨਾਨਾ ਜੀ, ਮੈਂ ਬੈਠ ਗਿਆ ਹਾਂ।" ਉਸ ਨੇ ਉੱਤਰ ਦਿੱਤਾ। ਮੈਂ ਕਿਹਾ ਕਿ ਜੇ ਤੇਰੀ ਦਾਦੀ ਤੈਨੂੰ ਦਿਸਦੀ ਹੈ ਤਾਂ ਉਸ ਨੂੰ ਵੀ ਆਪਣੇ ਕੋਲ ਬੁਲਾ ਲੈ। ਸੁਖਦੀਪ ਸਿੰਘ ਕਹਿਣ ਲੱਗਾ ਕਿ ਦਾਦੀ ਜੀ ਤਾਂ ਮੈਨੂੰ ਦਿਸਦੇ ਨਹੀਂ। ਮੈਂ ਕਿਹਾ, "ਕੋਈ ਗੱਲ ਨਹੀਂ, ਜੇ ਨਹੀਂ ਦਿਸਦੇ ਤੂੰ ਤਾਂ ਹੁਸ਼ਿਆਰਪੁਰ ਆਪਣੀ ਕੋਠੀ ਅੰਦਰ ਆਪਣੇ ਲਿਵਿੰਗ ਰੂਮ ਵਿਚ ਬੈਠਾ ਹੈਂ ਨਾ।" "ਹਾਂ ਨਾਨਾ ਜੀ, ਮੈਂ ਹੁਸ਼ਿਆਰਪੁਰ ਆਪਣੀ ਕੋਠੀ ਵਿਚ ਬੈਠਾ ਹਾਂ।" ਇਸ 'ਤੇ ਸਾਰੇ ਉਸ ਦੇ ਭੈਣ-ਭਰਾ, ਮੇਰੇ ਦੋਹਤੇ ਤੇ ਦੋਹਤੀਆਂ, ਇਕ ਆਵਾਜ਼ ਵਿਚ ਬੋਲ ਉੱਠੇ ਕਿ ਨਾਨਾ ਜੀ, ਇਹ ਝੂਠ ਬੋਲਦਾ ਹੈ, ਇਹ ਤਾਂ ਸਾਡੇ ਕੋਲ ਬੈਠਾ ਹੈ ਤੇ ਆਹ ਦੇਖੋ ਇਸ ਦਾ ਸਰੀਰ ਜੋ ਸਾਡੇ ਕੋਲ ਹੈ। "ਨੋ, ਨੋ, ਨਾਨਾ ਜੀ ਮੈਂ ਤਾਂ ਮਨ ਕਰਕੇ, ਧਿਆਨ ਕਰਕੇ ਹੁਸ਼ਿਆਰਪੁਰ ਵਿਚ ਹਾਂ, ਸਰੀਰ ਭਾਵੇਂ ਮੇਰਾ ਮੋਡੈਸਟੋ ਵਿਚ ਹੈ।" ਜੇ ਕਿਤੇ ਸੁਖਦੀਪ ਸਿੰਘ ਨੂੰ ਥੋੜ੍ਹਾ ਜਿਹਾ ਵਧੀਕ ਗਿਆਨ/ਚਾਨਣ ਹੁੰਦਾ ਤਾਂ ਉਸ ਦੀ ਦਾਦੀ ਉਸ ਨੂੰ ਦਿਸ ਪੈਣੀ ਸੀ। ਉਸ ਦਾ ਆਪਣੀ ਦਾਦੀ ਨਾਲ ਇੰਨਾ ਪਿਆਰ ਹੈ ਕਿ ਉਸ ਨੇ ਆਪਣੀ ਦਾਦੀ ਨਾਲ ਗੱਲਾਂ ਕਰਨ ਵਿਚ ਇੰਨਾ ਰੁਝ ਜਾਣਾ ਸੀ ਕਿ ਉਸ ਨੂੰ ਆਪਣੇ ਕੈਲੀਫੋਰਨੀਆ ਵਾਲੇ ਸਰੀਰ ਦਾ ਖ਼ਿਆਲ ਵੀ ਨਹੀਂ ਸੀ ਰਹਿਣਾ।

### ੩

ਇਸ ਅਵਸਥਾ ਵਿਚ ਪਹੁੰਚ ਕੇ ਸਾਡੀ ਹੋਂਦ ਭਾਵ ਰੂਪ, ਗਿਆਨ ਰੂਪ ਹੁੰਦੀ ਹੈ ਅਤੇ ਸਾਡੇ ਅਨੁਭਵ ਵਿਚ ਜੋਤਿ-ਵਿਗਾਸ ਰੂਪ ਹੋ ਕੇ ਪ੍ਰਗਟ ਹੁੰਦੀ ਹੈ। ਇਹ ਅਨੁਭਵ ਸਾਡੇ ਉੱਨਤ ਹੋਏ ਉਨਮਨੀ ਮਨ ਦਾ ਹੈ। ਇਹ ਸਾਡਾ ਉਨਮਨੀ ਮਨ ਪਰਮਾਤਮਾ ਵਿਚ ਸਮਾਇਆ ਹੋਣ ਕਰਕੇ ਪੂਰੀ ਸੁਰਤਿ (Consciousness) ਦਾ ਰੂਪ ਹੁੰਦਾ ਹੈ। ਇਹ ਮਨ ਦਾ 'ਦਸਵੇਂ ਆਕਾਸ਼' ਵਿਚ ਚੜ੍ਹਨਾ ਹੈ ਅਤੇ ਮਨ ਤੇ ਬੁੱਧ ਦਾ ਜਾਗਣਾ, ਸੁਚੇਤ ਹੋਣਾ ਹੈ। (ਮੰਨੈ ਸੁਰਤਿ ਹੋਵੈ ਮਨਿ ਬੁਧਿ॥) ਇਹ ਹੋਂਦ ਅਸਲੀ ਸਤਿ ਹੈ; ਕਦੇ ਨਾਸ਼ ਨਹੀਂ ਹੁੰਦੀ ਭਾਵੇਂ ਇਹ ਕਿਸੇ ਜੂਨੀ ਵਿਚ ਕਿਉਂ ਨਾ ਚਲੀ ਜਾਵੇ, ਇਹ ਸਤਿ ਹੈ, ਸਦੀਵ-ਕਾਲ ਸਤਿ ਹੈ; ਚੇਤਨ ਹੈ ਤੇ ਆਨੰਦ ਸਰੂਪ ਹੈ, ਰੱਬ ਦਾ ਰੂਪ ਹੈ, ਵਿਆਪਕ (Immenent) ਪਰਮਾਤਮਾ ਹੈ।



ਮਾਇਆ (ਅਵਿੱਦਿਆ) ਦੀ ਸਿਰਜਨਾ ਵੀ ਇਸੇ ਨੇ ਹੀ ਕੀਤੀ ਹੈ। ਇਕਨਾਂ ਨੂੰ ਵਧੇਰੇ ਅਗਿਆਨ ਪਾ ਕੇ ਜੜ੍ਹ (ਪ੍ਰਕਿਰਤੀ) ਬਣਾ ਦਿੱਤਾ ਅਤੇ ਇਕਨਾਂ ਨੂੰ ਘੱਟ ਅਵਿੱਦਿਆ ਪਾ ਕੇ ਚੇਤਨ (ਜੀਵ ਆਤਮਾ, ਮਨ ਆਦਿ) ਬਣਾ ਦਿੱਤਾ ਹੈ। ਫਿਰ ਜੀਵ ਨੂੰ ਨਾਮ ਮਾਰਗ 'ਤੇ ਤੋਰ ਕੇ, ਉਸ ਦੇ ਮਨ/ਸੁਰਤ ਨੂੰ ਉੱਨਤ ਕਰ ਕੇ ਮੁੜ ਆਪਣੇ (ਪਰਮਾਤਮਾ) ਨਾਲ ਮੇਲ ਲੈਂਦਾ ਹੈ। ਇਹ ਹੈ ਏਕੰਕਾਰ ਦਾ ਓਅੰਕਾਰ ਰੂਪ ਹੋ ਕੇ ਆਤਮਾ ਰਾਹੀਂ ਘਟਿ ਘਟਿ ਵਿਚ ਬੈਠਣਾ ਤੇ ਸੰਸਾਰ ਦੀ ਵਿਸ਼ਵ ਵਿਆਪੀ ਖੇਡ ਨੂੰ ਚਲਾਉਣਾ ਜਿਸ ਨੂੰ ਗੁਰਬਾਣੀ ਰਾਹੀਂ ਇਉਂ ਬਿਆਨ ਕੀਤਾ ਹੈ:-

ਅਚਰਜ ਕਥਾ ਮਹਾ ਅਨੂਪ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ ॥੩॥
ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ ॥੪॥

(ਗੋਂਡ ਮ: ੫-੮੬੮)

ਅਰਥਾਤ:- ਆਤਮਾ ਦੀ ਕਥਾ ਉਪਮਾ ਰਹਿਤ ਅਸਚਰਜ ਹੈ। ਇਹ (ਜੀਵ) ਆਤਮਾ (ਪ੍ਰਾਤਮਾ) ਪਰਮਾਤਮਾ ਦਾ ਰੂਪ ਹੈ॥ ਰਹਾਉ॥ ਇਹ ਆਤਮਾ ਨਾ ਬੁੱਢਾ ਹੁੰਦਾ ਹੈ ਨਾ ਹੀ ਇਹ ਬਾਲਾ ਹੈ। ਨਾ ਇਸ ਨੂੰ ਕੋਈ ਦੁੱਖ ਹੈ ਅਤੇ ਨਾ ਹੀ ਇਸ ਨੂੰ ਜਮਾਂ ਦੀ ਫਾਹੀ (ਜਾਲਾ) ਪੈਂਦੀ ਹੈ। ਨਾ ਇਹ ਮਰਦਾ ਹੈ ਅਤੇ ਨਾ ਹੀ ਇਹ

ਜੰਮਦਾ ਹੈ। ਸਦਾ ਤੋਂ ਹੀ ਇਹ ਸਾਰੇ ਵਿਆਪਕ ਹੈ॥੧॥ ਨਾ ਇਸ ਨੂੰ ਕੋਈ ਗਰਮੀ (ਉਸਨ) ਲਗਦੀ ਹੈ ਤੇ ਨਾ ਹੀ ਇਸ ਨੂੰ ਠੰਢ (ਸੀਤੁ) ਲਗਦੀ ਹੈ। ਨਾ ਇਸ ਦਾ ਕੋਈ ਦੁਸ਼ਮਣ ਹੈ ਅਤੇ ਨਾ ਹੀ ਇਸ ਦਾ ਕੋਈ ਮਿੱਤਰ ਹੈ। ਨਾ ਇਸ ਨੂੰ ਕੋਈ ਖ਼ੁਸ਼ੀ (ਹਰਖੁ) ਹੈ ਅਤੇ ਨਾ ਹੀ ਇਸ ਨੂੰ ਕੋਈ ਚਿੰਤਾ ਹੈ। ਇਸ ਦਾ ਸਭ ਕੁਝ ਹੈ, ਇਸੇ ਨੇ ਹੀ ਬਣਾਇਆ ਹੈ ਅਤੇ ਇਹ ਸਭ ਕਰਨ ਦੇ ਸਮਰੱਥ ਹੈ॥੨॥ ਇਸ ਦਾ ਨਾ ਕੋਈ ਪਿਓ ਹੈ ਅਤੇ ਨਾ ਹੀ ਕੋਈ ਮਾਂ ਹੈ ਪਰ ਇਹ ਸਦਾ ਹੈ, ਸਦਾ ਤੋਂ ਹੁੰਦਾ ਆਇਆ ਹੈ। ਪਾਪ ਪੁੰਨ ਦਾ ਇਸ ਨੂੰ ਕੋਈ ਲੇਪ ਨਹੀਂ ਲਗਦਾ; ਸਾਰਿਆਂ ਘਟਾਂ ਦੇ ਅੰਦਰ ਰਹਿੰਦਾ ਹੋਇਆ ਸਦਾ ਸੁਚੇਤ ਹੈ। ਇਸੇ ਨੇ ਹੀ ਤਿੰਨ ਗੁਣਾਂ ਰਾਹੀਂ ਇਕ ਸ਼ਕਤੀ, ਮਾਇਆ ਬਣਾਈ ਹੈ ਜਿਸ ਦੇ ਵਿਚ ਇਸ ਦਾ ਪ੍ਰਤੀਬਿੰਬ (ਛਾਇਆ) ਪਿਆ ਹੋਇਆ ਹੈ, (ਜਿਸ ਕਰਕੇ ਜੀਵ ਤੇ ਈਸ਼ਰ ਬਣੇ ਹਨ)। ਉਹ ਆਤਮਾ/ਪਰਮਾਤਮਾ ਛਲਿਆ ਨਹੀਂ ਜਾ ਸਕਦਾ, ਕੱਟੇ ਜਾਣ ਤੋਂ ਰਹਿਤ ਹੈ, ਅਤੇ ਨਾ ਹੀ ਉਸ ਦਾ ਭੇਦ ਪਾਇਆ ਜਾ ਸਕਦਾ ਹੈ। ਉਹ ਗਰੀਬ ਨਿਵਾਜ ਸਦਾ ਕਿਰਪਾਲੂ ਹੈ। ਉਸ ਦੀ ਗਤੀ ਕੋਈ ਜਾਣ ਨਹੀਂ ਸਕਦਾ। ਗੁਰੂ ਨਾਨਕ ਸਾਹਿਬ ਉਸ ਤੋਂ ਬਲਿਹਾਰ ਜਾਂਦੇ ਹਨ।

ooo



ਦੂਜਾ ਕਾਂਡ

## ਦੀਸਣਹਾਰ ਸੰਸਾਰ, ਅਵਿਦਿਆ ਤੇ ਆਤਮਾ

ਮਨੁੱਖ ਅੱਖਾਂ ਨਾਲ ਜੋ ਕੁਝ ਸਾਹਮਣੇ ਵੇਖਦਾ ਹੈ ਅਤੇ ਦੂਜੇ ਗਿਆਨ-ਇੰਦ੍ਰਿਆਂ ਦੀ ਸਹਾਇਤਾ ਨਾਲ ਮਨ ਤੇ ਬੁੱਧੀ ਦੁਆਰਾ ਜੋ ਗਿਆਨ ਪ੍ਰਾਪਤ ਕਰਦਾ ਹੈ, ਸੁਭਾਵਕ ਹੀ ਉਸ ਨੂੰ ਸੱਚਾ ਤੇ ਅਟੱਲ ਮੰਨਦਾ ਹੈ। ਇਸ ਦੇ ਉਲਟ ਜੋ ਚੀਜ਼ ਇਸ ਨੂੰ ਨਹੀਂ ਦਿਸਦੀ ਜਾਂ ਮਹਿਸੂਸ ਨਹੀਂ ਹੁੰਦੀ, ਉਸ ਦੀ ਹੋਂਦ ਨੂੰ ਮੰਨਣਾ ਉਸ ਲਈ ਕਠਿਨ ਵੀ ਹੁੰਦਾ ਹੈ ਪਰ ਜੇ ਅਸੀਂ ਆਖੀਏ ਕਿ ਹਰ ਚੀਜ਼ ਦਾ ਦਿੱਸਣਾ ਉਸ ਦੀ ਹੋਂਦ ਨੂੰ ਸਿੱਧ ਕਰਨ ਲਈ ਜ਼ਰੂਰੀ ਹੈ ਤਾਂ ਇਉਂ ਠੀਕ ਨਹੀਂ ਹੋਵੇਗਾ। ਜਿਵੇਂ ਕਿਸੇ ਬਨੇਰੇ 'ਤੇ ਬੈਠਾ ਕੋਈ ਪੰਛੀ, ਇੱਲ ਆਦਿ ਆਕਾਸ਼ ਵੱਲ ਨੂੰ ਉੱਡਦਾ ਹੋਇਆ ਇੰਨਾ ਉੱਚਾ ਨਿਕਲ ਜਾਵੇ ਕਿ ਉਹ ਦਿਸਣੋਂ ਹਟ ਜਾਵੇ ਤਾਂ ਪਹਿਲਾਂ ਵੇਖਣ ਵਾਲਿਆਂ ਲਈ ਉਸ ਦੀ ਹੋਂਦ ਅਣਹੋਂਦ ਵਿਚ ਨਹੀਂ ਬਦਲ ਜਾਂਦੀ। ਫਿਰ ਇਹ ਵੀ ਜ਼ਰੂਰੀ ਨਹੀਂ ਕਿ ਜੋ ਚੀਜ਼ ਦਿੱਸਦੀ ਹੈ, ਉਹ ਠੀਕ ਤੇ ਅਸਲ ਰੂਪ ਵਿਚ ਹੀ ਵਿਖਾਈ ਦਿੰਦੀ ਹੋਵੇ। ਵੇਖਣ ਵਾਲੀ ਅੱਖ ਵਿਚ ਵੀ ਫ਼ਰਕ ਹੋ ਸਕਦਾ ਹੈ। ਨਵੀਨ ਵਿਗਿਆਨਕ ਖੋਜੀਆਂ ਨੇ ਮਾਦੇ ਦੇ ੯੨ ਮੂਲ ਤੱਤਾਂ ਦੇ ਪ੍ਰਮਾਣੂਆਂ ਦੀ ਹੋਰ ਅੱਗੇ ਵੰਡ ਬਿਜਲਾਣੂਆਂ ਤੇ ਪ੍ਰਤੀਅਣੂਆਂ ਵਿਚ ਕਰਕੇ ਮਾਦੇ ਦੀ ਹੋਂਦ ਨੂੰ ਉੱਕਾ ਹੀ ਉਡਾ ਦਿੱਤਾ ਹੈ। ਬਿਜਲਾਣੂ ਤੇ ਪ੍ਰਤੀਅਣੂ ਇਕ ਸ਼ਕਤੀ ਰੂਪ ਹਨ। ਸੋ ਪ੍ਰਕਿਰਤੀ ਦਾ ਬੁਨਿਆਦੀ ਮਸਾਲਾ ਹੀ ਇਕ ਸ਼ਕਤੀ ਹੋਇਆ। ਪਰ ਮਨੁੱਖੀ ਦ੍ਰਿਸ਼ਟੀ-ਪਰਮਾਣ ਇਸ ਮਾਦੇ ਨੂੰ ਸਥੂਲ ਰੂਪ ਵਿਚ ਹੀ ਵੇਖ ਸਕਦਾ ਹੈ ਕਿਉਂ ਜੋ ਇਸ ਨੂੰ ਇਕ ਖ਼ਾਸ ਮਿਤ ਵਾਲੀ ਵੇਖਣ ਸ਼ਕਤੀ ਹੀ ਮਿਲੀ ਹੋਈ ਹੈ। ਜਦੋਂ ਅਸੀਂ ਯੰਤਰਾਂ ਦੀ ਮਦਦ ਨਾਲ ਆਪਣੀ ਵੇਖਣ ਸ਼ਕਤੀ ਨੂੰ ਵਧਾ ਕੇ ਸਥੂਲ ਮਾਦੇ ਨੂੰ ਵੇਖਦੇ ਹਾਂ ਤਾਂ ਸਾਨੂੰ ਇਹ ਮਾਦਾ ਸਥੂਲ ਨਜ਼ਰ ਨਹੀਂ ਆਉਂਦਾ ਸਗੋਂ ਇਸ ਦੀ ਥਾਂ ਇਸ ਦਾ ਪ੍ਰਮਾਣੂਆਂ ਵਾਲਾ ਤੱਤ ਸਰੂਪ ਹੀ ਨਜ਼ਰ ਆਉਂਦਾ ਹੈ। ਜਿਵੇਂ ਇਕ ਲੋਹੇ ਦਾ ਟੁਕੜਾ, ਬਿਜਲਾਣੂ ਖੁਰਦਬੀਨ ਰਾਹੀਂ ਪਰਮਾਣੂਆਂ ਦਾ ਗਤੀਸ਼ੀਲ ਸੰਗ੍ਰਹਿ ਹੀ ਸਿੱਧ ਹੁੰਦਾ ਹੈ। ਇਸ ਲਈ ਪ੍ਰਕਿਰਤੀ ਨੂੰ ਮਾਦਾ ਕਰਕੇ ਵੇਖਣਾ ਸੰਬੰਧਤ (relative) ਸੱਚ ਤਾਂ ਹੈ ਪਰ ਨਿਰੋਲ (absolute) ਸੱਚ ਨਹੀਂ। ਮਿ. ਲੇ ਕਾਮਤੇ ਦੀਊ ਨੁਈ (Mr. Le Compte du Nouy) ਦੀ ਪੁਸਤਕ Human Destiny (ਮਨੁੱਖੀ ਹੋਣੀ) ਦੇ ਪੰਨਾ ੨੪ 'ਤੇ ਚਾਰਲਸ ਯੂਜੀਨ ਗੂਈ ਦਾ ਕਥਨ ਇਉਂ ਦਰਜ ਹੈ:-

*ਦ੍ਰਿਸ਼ਟਮਾਨ ਨੂੰ ਉਪਜਾਉਣ ਦਾ ਕਾਰਨ ਦ੍ਰਿਸ਼ਟੀ ਪਰਮਾਣ (Scale of Observation) ਹੈ। ਦ੍ਰਿਸ਼ਟੀ-ਪਰਮਾਣ ਮਨੁੱਖ 'ਤੇ ਨਿਰਭਰ ਕਰਦਾ ਹੈ। ਉਹ ਆਪ ਹੀ ਇਸ ਨੂੰ ਬਣਾਉਂਦਾ ਹੈ। ਪ੍ਰਕਿਰਤੀ ਵਿਚ ਭਿੰਨ-ਭਿੰਨ ਦ੍ਰਿਸ਼ਟੀ-ਪਰਮਾਣ ਨਹੀਂ ਹਨ। ਉਥੇ ਤਾਂ ਕੇਵਲ ਇਕ ਵਿਸ਼ਾਲ ਇਕਸਾਰਤਾ ਵਾਲਾ ਦ੍ਰਿਸ਼ਟਮਾਨ ਇੰਨੇ ਪੈਮਾਨੇ ਤੇ ਵਿਆਪਕ ਹੈ, ਜੋ ਮਨੁੱਖ ਤੋਂ ਉਸ ਦੀ ਦਿਮਾਗੀ ਬਣਾਵਟ ਕਾਰਨ ਅਕਸਰ ਖੁੰਝਿਆ ਰਹਿੰਦਾ ਹੈ—ਇਹ ਬਣਾਵਟ ਅਜਿਹੀ ਹੈ ਕਿ ਇਸ ਲਈ ਇਕਸਾਰ ਦ੍ਰਿਸ਼ਟਮਾਨ ਦੀਆਂ ਵੰਡਾਂ ਪਾਉਣਾ ਤੇ ਇਸ ਨੂੰ ਵੱਖੋ-ਵੱਖ ਟੋਟਿਆਂ ਵਿਚ ਵੰਡਣਾ ਜ਼ਰੂਰੀ ਹੋ ਜਾਂਦਾ ਹੈ।*

ਇਸ ਤੋਂ ਸਪੱਸ਼ਟ ਹੈ ਕਿ ਜੋ ਕੁਝ ਅਸੀਂ ਆਪਣੀਆਂ ਅੱਖਾਂ ਨਾਲ ਸਥੂਲ ਰੂਪ ਵਿਚ ਬਾਹਰ ਭਿੰਨ-ਭਿੰਨ ਵੇਖਦੇ ਹਾਂ ਇਹ ਕੇਵਲ ਸਾਡੀ ਦਿਮਾਗੀ ਅਵਸਥਾ ਕਾਰਨ ਆਪਣੇ ਲਈ ਆਪ ਹੀ ਬਣਾਇਆ ਇਕ ਭਰਮ ਹੈ। ਇਸੇ ਤਰ੍ਹਾਂ ਸਖ਼ਤੀ, ਨਰਮੀ, ਸਰਦੀ ਤੇ ਗਰਮੀ ਆਦਿ ਹੁਣ ਵਿਗਿਆਨੀਆਂ ਲਈ ਚੀਜ਼ਾਂ ਦੇ ਗੁਣ ਨਹੀਂ ਸਗੋਂ ਕੇਵਲ ਸਾਡੇ ਮਨ ਦੀ ਹੀ ਬਨਾਵਟ ਹਨ। ਭਗਤ ਰਵਿਦਾਸ ਜੀ ਗੁਰਬਾਣੀ ਵਿਚ ਭਰਮ ਦਾ ਭਾਵ ਸਮਝਾਉਂਦੇ ਹੋਏ ਵੀ ਇਹੋ ਕਹਿੰਦੇ ਹਨ ਕਿ ਹੇ ਪ੍ਰਭੂ! ਕੀ ਕਹੀਏ, ਭਰਮ ਇਕ ਇਹੋ ਜਿਹੀ ਚੀਜ਼ ਹੈ ਕਿ ਇਸ ਵਿਚ ਪੈ ਕੇ ਅਸੀਂ ਜਿਸ ਤਰ੍ਹਾਂ ਚੀਜ਼ਾਂ ਨੂੰ ਸਮਝਦੇ ਹਾਂ ਅਸਲ 'ਚ ਉਹ ਇਸ ਤਰ੍ਹਾਂ ਨਹੀਂ ਹੁੰਦੀਆਂ:-

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**

(ਰਾਗੁ ਸੋਰਠਿ—੬੫੭)

ਸੋ ਮੂਲ ਤੱਤ ਆਤਮਾ-ਪਰਮਾਤਮਾ ਨੂੰ ਵੇਖਣ ਲਈ ਸਾਨੂੰ ਆਪਣਾ ਦ੍ਰਿਸ਼ਟੀ-ਪਰਮਾਣ (ਵੇਖਣ ਸ਼ਕਤੀ) ਉੱਚਾ ਕਰਨਾ ਪਵੇਗਾ ਅਤੇ ਇਹ ਦ੍ਰਿਸ਼ਟੀ ਪਰਮਾਣ ਪੂਰਾ ਉੱਚਾ ਕਰ ਲੈਣਾ ਹੀ ਭਰਮ ਤੋਂ ਨਵਿਰਤੀ ਪ੍ਰਾਪਤ ਕਰਨੀ ਹੈ; ਅਵਿਦਿਆ ਦਾ ਦੂਰ ਕਰਨਾ ਹੈ ਪਰ ਜਿਸ ਮੂਲ ਤੱਤ ਨੂੰ ਭਗਤ ਜਨ ਵੇਖਦੇ ਹਨ, ਉਸ ਮੂਲ ਤੱਤ ਤਕ ਅਜੇ ਸਾਡੇ ਵਿਗਿਆਨੀ ਨਹੀਂ ਪੁੱਜੇ, ਉਹ ਤਾਂ ਅਜੇ ਬਿਜਲਾਣੂ ਤੇ ਪ੍ਰਤੀਅਣੂ ਨੂੰ ਵੀ ਨਹੀਂ ਵੇਖ ਸਕੇ। ਉਹ ਤਾਂ ਇਕ ਖ਼ਾਸ ਢੰਗ ਨਾਲ ਇਨ੍ਹਾਂ ਦੇ ਗੁਣਾਂ ਤੋਂ ਹੀ ਇਨ੍ਹਾਂ ਦੀ ਹੋਂਦ ਨੂੰ ਸਿੱਧ ਕਰਦੇ ਹਨ। ਜੇਕਰ ਉਹ ਆਪਣੀਆਂ ਅੱਖਾਂ ਦੀ ਵੇਖਣ ਸ਼ਕਤੀ ਨੂੰ ਲੋੜੀਂਦੀ ਹੱਦ ਤਕ ਵਧਾ ਲੈਣ ਵਿਚ ਭਾਵੇਂ ਆਪਣੇ ਤਿਆਰ ਕੀਤੇ ਯੰਤਰਾਂ ਦੀ ਮਦਦ ਨਾਲ ਹੀ ਸਫ਼ਲ ਹੋ ਜਾਣ ਤਾਂ ਉਹ ਪ੍ਰਕਿਰਤੀ ਦੇ ਇਸ ਨਵੇਂ ਲੱਭੇ ਮੂਲ ਤੱਤ, ਬਿਜਲਾਣੂ ਤੇ ਪ੍ਰਤੀਅਣੂ ਨੂੰ ਵੀ ਵੇਖ ਸਕਣਗੇ ਪਰ ਕਿਉਂ ਜੋ ਵਿਗਿਆਨਕ ਖੋਜ ਅਜੇ ਜਾਰੀ ਹੈ ਅਤੇ ਜੇਕਰ ਬਿਜਲਾਣੂਆਂ ਦੀ ਵੀ ਅੱਗੋ ਵੰਡ ਸੰਭਵ ਹੋ ਸਕਦੀ ਹੋਈ ਤਦ ਇਨ੍ਹਾਂ ਵਿਗਿਆਨੀਆਂ ਲਈ ਉਸ



ਨਵੇਂ ਮੂਲ ਤੱਤ ਨੂੰ ਵੇਖਣਾ ਹੋਰ ਵੀ ਕਠਿਨ ਹੋਵੇਗਾ। ਹੋ ਸਕਦਾ ਹੈ ਕਿ ਵਿਗਿਆਨਕ ਢੰਗ ਇਥੇ ਜਾਂ ਕਿਸੇ ਹੋਰ ਉਚੇਰੀ ਅਵਸਥਾ 'ਤੇ ਪੁੱਜ ਕੇ ਸਾਡੀ ਸਹਾਇਤਾ ਨਾ ਕਰ ਸਕੇ ਅਤੇ ਸਾਨੂੰ ਕਿਸੇ ਹੋਰ ਕਿਸਮ ਦੇ ਢੰਗ ਦੀ ਮਦਦ ਲੈਣੀ ਪਵੇ ਅਤੇ ਉਹ ਹੋਰ ਢੰਗ ਅਧਿਆਤਮਕ 'ਦਿਬ ਲੋਇਣ' ਵਾਲਾ ਹੀ ਹੋਵੇ, ਜਿਸ ਦੀ ਕਿ ਗੁਰੂ ਸਾਹਿਬਾਨ ਨੇ ਵਰਤੋਂ ਕੀਤੀ ਹੈ:-

**ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥**
**ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥**

(ਵਾਰ ਮਾਝ ਮ: ੨-੧੩੯)

ਬੁੱਧੀ ਵਿਚੋਂ ਭਰਮ ਦੂਰ ਹੋਣ 'ਤੇ ਸੁਰਤ (Consciousness) ਵਿਚ ਇੰਨੀ ਚੇਤਨਤਾ ਪੈਦਾ ਹੋ ਜਾਂਦੀ ਹੈ ਕਿ ਉਹ ਬੁੱਧੀ ਤੋਂ ਪਰ੍ਹੇ ਦੀ ਪਹੁੰਚ ਵਾਲੀ ਹੋ ਕੇ 'ਕਾਰਣ ਕਾਰਜ' ਜਾਣੇ ਤੋਂ ਬਿਨਾਂ ਸਿੱਧਾ ਹੀ ਸੱਚ ਦੇ ਸਿਧਾਂਤ ਦੀ ਗਿਆਨਵਾਨ ਹੋ ਜਾਂਦੀ ਹੈ। ਇਸ ਨੂੰ ਗੁਰਬਾਣੀ 'ਚ 'ਸੁਧਿ' ਜਾਂ 'ਸਿਧਿ' ਆਖਿਆ ਗਿਆ ਹੈ:-

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥**
**ਮੰਨੈ ਸਗਲ ਭਵਣ ਕੀ ਸੁਧਿ ॥**

(ਜਪੁਜੀ ਸਾਹਿਬ)

ਬੁੱਧੀ ਤੋਂ ਉਪਰਲੀ ਇਸ ਸ਼ਕਤੀ ਵੱਲ ਮਿ. ਬਰਗਸਨ ਨੇ ਵੀ ਇਸ਼ਾਰਾ ਕਰਦੇ ਹੋਏ ਆਪਣੀ ਰਾਏ ਪ੍ਰਗਟ ਕੀਤੀ ਹੈ ਕਿ ਫ਼ਲਸਫ਼ੇ ਦੀ ਸਾਰੀ ਖੋਜ (Intuition) ਅਨੁਭਵ (ਦਿੱਬ ਦ੍ਰਿਸ਼ਟੀ) ਰਾਹੀਂ ਹੀ ਹੋਣੀ ਚਾਹੀਦੀ ਹੈ। ਇਕ ਹੋਰ ਉੱਘੇ ਅਮਰੀਕਨ ਵਿਗਿਆਨੀ ਡਾਕਟਰ ਜੇ. ਬੀ. ਰਾਈਨ ਨੇ ਮਨ ਦੇ ਅਨੁਭਵੀ ਗਿਆਨ ਅਰਥਾਤ ਗਿਆਨ ਇੰਦ੍ਰਿਆਂ-ਬਾਹਰਾ-ਗਿਆਨ (Extra sensory Perception) ਪ੍ਰਾਪਤ ਕਰਨ ਸੰਬੰਧੀ ਸਤਾਰਾਂ ਸਾਲ ਦੀ ਲਗਾਤਾਰ ਖੋਜ ਉਪਰੰਤ ਆਪਣੀ ਪੁਸਤਕ The Reach of the Mind (ਮਨ ਦੀ ਪਹੁੰਚ) ਵਿਚ ਆਪਣੇ ਤਜਰਬੇ ਅੰਕਿਤ ਕੀਤੇ ਹਨ। ਇਕ ਖ਼ਾਸ ਕਿਸਮ ਦੇ ਕਾਰਡ ਬਣਾ ਕੇ ਉਨ੍ਹਾਂ 'ਤੇ ਵੱਖੋ-ਵੱਖਰੇ ਨਿਸ਼ਾਨ ਲਾ ਦਿੱਤੇ ਗਏ। ਉਨ੍ਹਾਂ ਨਿਸ਼ਾਨਾਂ ਨੂੰ ਬਿਨਾਂ ਦੇਖੇ ਬੁੱਝਿਆ ਗਿਆ ਤੇ ਇਸ ਤਰ੍ਹਾਂ ਮਨ ਦੀ ਜਾਣਨ-ਸ਼ਕਤੀ ਦਾ ਨਿਰਣਾ ਕੀਤਾ ਗਿਆ। ਇਹ ਪਰਤਾਵੇ ਅਨੇਕਾਂ ਹੀ ਬੰਦਿਆਂ 'ਤੇ ਕਰਕੇ ਇਹ ਸਾਬਤ ਕੀਤਾ ਗਿਆ ਕਿ ਮਨ ਦੀ ਇਕਾਗਰਤਾ ਵਧਣ ਨਾਲ, ਠੀਕ ਨਤੀਜਾ ਨਿਕਲਣ ਦੀ ਵਧੇਰੇ ਆਸ ਹੋ ਜਾਂਦੀ ਹੈ। ਇਹ ਵੀ ਸਿੱਧ ਕੀਤਾ ਗਿਆ ਕਿ ਮਨ ਦੀ ਇਹ ਸ਼ਕਤੀ ਦੇਸ਼ ਅਤੇ ਕਾਲ ਦੀ ਬੰਦਿਸ਼ ਵਿਚ ਨਹੀਂ। ਇਹ ਦੂਰ-ਦੁਰਾਡੀਆਂ ਥਾਵਾਂ ਅਤੇ ਭਵਿੱਖਤ ਕਾਲ ਦੀਆਂ ਹਾਲਤਾਂ ਦਾ ਵੀ ਪਤਾ ਲਾ ਸਕਦੀ ਹੈ। ਇਸ ਤਰ੍ਹਾਂ ਮਨ ਦੇ ਖ਼ਿਆਲਾਂ ਦਾ ਪੜ੍ਹਿਆ ਜਾਣਾ ਵੀ ਸਿੱਧ ਕੀਤਾ ਗਿਆ ਹੈ। ਉਸ ਨੇ ਅਨੇਕਾਂ ਬੰਦਿਆਂ ਪਾਸੋਂ ਡਾਈਸ (ਪਾਸਾ) ਸੁਟਵਾ ਕੇ ਨਿਕਲੇ ਸਿੱਟਿਆਂ ਦੇ ਆਧਾਰ 'ਤੇ ਇਹ ਵੀ ਸਿੱਧ ਕੀਤਾ ਹੈ ਮਨ ਦਾ ਮਾਦੇ ਉੱਤੇ ਸਿੱਧਾ

ਅਸਰ ਹੁੰਦਾ ਹੈ। ਉਕਤ ਖੋਜ ਤੋਂ ਇਹੋ ਗੱਲ ਸਪੱਸ਼ਟ ਹੁੰਦੀ ਹੈ ਕਿ ਸੁਰਤ ਦੇ ਜਿਸ ਉੱਚੇ ਮੰਡਲ ਵਿਚ ਜਾ ਕੇ ਆਪਣੇ 'ਦਿੱਬ ਲੋਇਣ' ਦੁਆਰਾ ਸਾਖਿਆਤ ਵੇਖ ਕੇ ਜੋ ਅਟੱਲ ਸੱਚਾਈਆਂ ਗੁਰੂ ਸਾਹਿਬਾਨ ਨੇ ਬਿਆਨ ਕੀਤੀਆਂ ਹਨ, ਉਹ ਸਹੀ ਹਨ ਤੇ ਹਰ ਕਾਲ ਵਿਚ ਸਹੀ ਹੀ ਰਹਿਣਗੀਆਂ। ਗੁਰੂ ਮੂਲ-ਚੇਤਨ ਸ਼ਕਤੀ ਨਾਲ ਅਭੇਦ ਸਨ, ਜਿਸ ਕਰਕੇ ਉਹ ਅਕਾਲ ਪੁਰਖ ਵਾਂਗ ਹੀ ਅਭੁੱਲ ਸਨ। ਇਸੇ ਕਰਕੇ ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ:-

**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥**
**ਬਚਨੁ ਗੁਰੂ ਜੋ ਪੂਰੈ ਕਹਿਓ ਮੈ [੧]ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥**
**[੨]ਨਿਸਿ ਬਾਸੁਰ ਨਖਿਅਤ੍ਰ ਬਿਨਾਸੀ [੩]ਰਵਿ ਸਸੀਅਰ ਬੇਨਾਧਾ॥**
**ਗਿਰਿ[੪] ਬਸੁਧਾ[੫] ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ[੬] ॥੧॥**

(ਸਾਰੰਗ ਮ: ੪-੧੨੦੪)

ਗੁਰੂ ਨਾਨਕ ਸਾਹਿਬ ਨੇ ਆਪਣੇ 'ਦਿੱਬ ਲੋਇਣ' ਨਾਲ ਪ੍ਰਕਿਰਤੀ ਦੀ ਜੋ ਮੂਲ ਸ਼ਕਤੀ (ਤੱਤ) ਵੇਖੀ ਹੈ, ਉਹ ਚੇਤਨ ਹੈ ਤੇ ਇਹ ਦੀਸਣਹਾਰ ਸੰਸਾਰ ਉਸੇ ਦਾ ਹੀ ਵਿਸਥਾਰ ਹੈ:-

**ਜੇਤਾ[੭] ਸਬਦੁ ਸੁਰਤਿ ਧੁਨਿ[੮] ਤੇਤੀ ਜੇਤਾ ਰੂਪੁ ਕਾਇਆ ਤੇਰੀ ॥**
**ਤੂੰ ਆਪੇ ਰਸਨਾ[੯] ਆਪੇ ਬਸਨਾ[੧੦] ਅਵਰੁ ਨ ਦੂਜਾ ਕਹਉ ਮਾਈ ॥੧॥**

(ਆਸਾ ਮ: ੧-੩੫੦)

ਅਤੇ

**ਤੂੰ ਪੇਡੁ[੧੧] ਸਾਖ ਤੇਰੀ ਫੂਲੀ॥ ਤੂੰ ਸੂਖਮੁ[੧੨] ਹੋਆ ਅਸਥੂਲੀ[੧੩]॥**
**ਤੂੰ ਜਲਨਿਧਿ ਤੂੰ ਫੇਨੁ[੧੪] ਬੁਦਬੁਦਾ[੧੫] ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥**
**ਤੂੰ ਸੂਤੁ ਮਣੀਏ[੧੬] ਭੀ ਤੂੰਹੈ॥ ਤੂੰ ਗੰਠੀ[੧੭] ਮੇਰੁ[੧੮] ਸਿਰਿ ਤੂੰਹੈ॥**
**ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥੨॥**

(ਮਾਝ ਮ: ੫-੧੦੨)

ਇਹੋ ਚੇਤਨ ਸ਼ਕਤੀ ਹੀ ਸਭ ਜੀਵਾਂ ਅੰਦਰ ਪ੍ਰਕਾਸ਼ ਕਰ ਰਹੀ ਹੈ ਤੇ ਇਹੋ ਹੀ ਸਭਨਾਂ ਦਾ ਆਧਾਰ ਹੈ ਤੇ ਇਸ ਤਰ੍ਹਾਂ ਸਭ ਦੀ ਆਤਮਾ ਹੈ:-

---

੧. ਖਿੱਚ ਕੇ ਚੰਗੀ ਤਰ੍ਹਾਂ ਪੱਲੇ ਬੰਨ੍ਹ ਲਿਆ।
੨. ਰਾਤ ਦਿਨ ਤੇ ਤਾਰੇ (ਤਾਰਿਆਂ ਦਾ ਮੰਡਲ।
੩. ਸੂਰਜ ਤੇ ਚੰਦਰਮਾ ਨਾਸ਼ ਹੋਵੇਗਾ।
੪. ਪਹਾੜ।
੫. ਧਰਤੀ।
੬. ਅਟੱਲ ਰਹੇਗਾ।
੭. ਆਵਾਜ਼।
੮. ਵਹਾਉ, ਪਰਵਾਹ।
੯. ਰਸ ਲੈਣ ਵਾਲੀ, ਜੀਭ।
੧੦. ਵਾਸ਼ਨਾ ਲੈਣ ਵਾਲਾ, ਨੱਕ।
੧੧. ਪੇੜ, ਰੁਖ।
੧੨. ਬਰੀਕ ਭਾਵ ਅਦ੍ਰਿਸ਼ਟ।
੧੩. ਸਥੂਲ ਭਾਵ ਠੋਸ।
੧੪. ਝੱਗ।
੧੫. ਬੁਲਬੁਲਾ।
੧੬. ਮਣਕੇ।
੧੭. ਗੰਢ।
੧੮. ਸ਼੍ਰੋਮਣੀ ਮਣਕਾ।



**ਸਭ ਮਹਿ ਜੋਤਿ ਜੋਤਿ ਹੈ ਸੋਇ[੧] ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

(ਧਨਾਸਰੀ ਮ: ੧-੧੩)

ਅਤੇ

**ਏਕ ਕ੍ਰਿਸਨੰ[੨] ਸਰਬ ਦੇਵਾ [੩]ਦੇਵ ਦੇਵਾ ਤ ਆਤਮਾ॥**
**ਆਤਮਾ ਬਾਸੁਦੇਵਸਿ੍[੪] ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥**

(ਵਾਰ ਆਸਾ ਮ: ੨-੪੬੯)

ਪਰ ਸਾਰੇ ਜੀਵ ਇਸ ਚੇਤਨ ਤੱਤ ਨੂੰ ਨਹੀਂ ਵੇਖ ਸਕਦੇ ਤੇ ਨਾ ਹੀ ਮਹਿਸੂਸ ਕਰ ਸਕਦੇ ਹਨ। ਇਸ ਦਾ ਕਾਰਨ ਜਿਵੇਂ ਕਿ ਪਿੱਛੇ ਜ਼ਿਕਰ ਕੀਤਾ ਗਿਆ ਹੈ ਇਹੋ ਹੈ ਕਿ ਉਨ੍ਹਾਂ ਦੀ ਦ੍ਰਿਸ਼ਟੀ ਅਜੇ ਇੰਨੀ ਉੱਚੀ (ਉਨਮਨ) ਨਹੀਂ ਹੋਈ ਹੁੰਦੀ ਜੋ ਉਹ ਇੰਨੇ ਸੂਖਮ ਤੱਤ ਨੂੰ ਵੇਖ ਸਕਣ। ਉਨ੍ਹਾਂ ਦੀ ਦ੍ਰਿਸ਼ਟੀ ਦੀ ਪਕੜ ਵਿਚ ਅਜੇ ਇਕ ਨਾਸਵੰਤ ਸੰਸਾਰ ਹੀ ਆਉਂਦਾ ਹੈ। ਉਹ ਆਪ ਆਪਣੀਆਂ ਅੱਖਾਂ ਨਾਲ ਇਸ ਨਾਸਵੰਤ ਸੰਸਾਰ ਨੂੰ ਬਿਨਸਦਿਆਂ ਵੇਖਦੇ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਹੋਰਾਂ ਵਾਂਗ ਅਸੀਂ ਵੀ ਇਹ ਸਭ ਕੁਝ ਧਰਿਆ-ਧਰਾਇਆ ਛੱਡ ਕੇ ਚਲੇ ਜਾਣਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਫਿਰ ਵੀ ਆਮ ਜੀਵ ਸੰਸਾਰ ਵਿਚ ਆਪਣਾ ਵਰਤਾਰਾ ਇਸ ਤਰ੍ਹਾਂ ਦਾ ਰੱਖਦੇ ਹਨ ਜਿਵੇਂ ਕਿ ਉਨ੍ਹਾਂ ਸੰਸਾਰ ਵਿਚੋਂ ਕਦੇ ਜਾਣਾ ਹੀ ਨਹੀਂ ਹੁੰਦਾ ਜਾਂ ਇਉਂ ਕਹੀਏ ਕਿ ਚਲੇ ਜਾਣ ਦਾ ਖ਼ਿਆਲ ਉਨ੍ਹਾਂ ਦੇ ਸੁਭਾਅ ਵਿਚ ਕੋਈ ਤਬਦੀਲੀ ਨਹੀਂ ਲਿਆਉਂਦਾ :-

**ਸਾਧੋ ਰਚਨਾ ਰਾਮ ਬਨਾਈ॥**
**ਇਕਿ ਬਿਨਸੈ[੫] ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥**

(ਗਉੜੀ ਮ: ੯-੨੧੯)

ਅਜਿਹੀ ਕਿਹੜੀ ਪ੍ਰਬਲ ਸ਼ਕਤੀ ਹੈ ਜੋ ਜੀਵ ਨੂੰ ਸਚਾਈ ਵੇਖਣ ਤੇ ਗ੍ਰਹਿਣ ਕਰਨ ਨਹੀਂ ਦਿੰਦੀ ? ਇਹ ਹੈ ਮਾਇਆ ਜਿਸ ਦਾ ਦੂਜਾ ਨਾਂ ਭਰਮ ਵੀ ਹੈ। ਰੁਪਏ-ਪੈਸੇ ਦਾ ਨਾਂ ਮਾਇਆ ਨਹੀਂ ਅਤੇ ਨਾ ਹੀ ਰੁਪਏ-ਪੈਸੇ ਦਾ ਤਿਆਗ ਕਰ ਕੇ ਮਾਇਆ ਦਾ ਤਿਆਗ ਹੋ ਸਕਦਾ ਹੈ। ਦੂਈ ਦੇ ਭਰਮ ਜਾਲ ਵਿਚੋਂ ਨਿਕਲ ਕੇ ਤੇ ਸਦਾ ਇਕ ਚੇਤਨ-ਸੱਤਾ ਦੇ ਅਨੁਭਵ ਵਿਚ ਰਹਿ ਕੇ ਹੀ ਮਾਇਆ ਜਾਲ ਟੁੱਟਣਾ ਹੈ। ਜੀਵ ਦੀ ਮਾਨਸਿਕ ਅਵਸਥਾ ਅਜਿਹੀ ਹੈ ਕਿ ਇਸ ਨੂੰ ਦਿਸਦੇ ਹੀ ਅਨੇਕ ਹਨ, ਇਕ ਦਿਸਦਾ ਹੀ ਨਹੀਂ। ਇਹ ਬਿਰਤੀ ਇਸ ਨੂੰ ਪਿਛਲੇ ਕਿਰਤ-ਕਰਮਾਂ ਕਰਕੇ ਪ੍ਰਭੂ-ਹੁਕਮ ਵਿਚ ਮਿਲੀ ਹੋਈ ਹੈ ਪਰ ਇਸ ਅਗਿਆਨ (ਅਵਿਦਿਆ)

---

੧. ਵਾਹਿਗੁਰੂ ਦੀ।
੨. ਪਰਮਾਤਮਾ।
੩. ਦੇਵਤਿਆਂ ਦੇ ਦੇਵਤਿਆਂ ਦਾ।
੪. ਪ੍ਰਭੂ ਦਾ।
੫. ਭਾਵ ਮਰ ਰਿਹਾ ਹੈ।

ਜਾਂ ਮਾਇਆ ਦੀ ਵਾਸਤਵਿਕ ਰਚਨਾ ਵੀ ਪ੍ਰਭੂ ਨੇ ਆਪੇ ਹੀ ਕੀਤੀ ਹੈ:-

**ਛਛੈ ਛਾਇਆ[੧] ਵਰਤੀ ਸਭ ਅੰਤਰਿ, ਤੇਰਾ ਕੀਆ ਭਰਮੁ ਹੋਆ ॥**

(ਆਸਾ ਮ: ੧, ਪਟੀ-੪੩੩)

ਅਤੇ

**ਛਾਇਆ ਛੂਛੀ[੨] ਜਗਤੁ ਭੁਲਾਨਾ ॥ ਲਿਖਿਆ ਕਿਰਤੁ ਧੁਰੇ[੩] ਪਰਵਾਨਾ[੪] ॥**

(ਰਾਮਕਲੀ ਮ: ੧, ਦਖਣੀ ਓਅੰਕਾਰੁ-੯੩੨)

ਸੰਸਾਰ ਦੀ ਉਤਪਤੀ ਇਸ ਮਾਇਆ-ਛਲ (ਅਨੇਕਤਾ ਵੇਖਣ ਦੇ ਪ੍ਰਭਾਵ) ਕਰਕੇ ਹੀ ਸੰਭਵ ਹੋਈ। ਪਹਿਲੋਂ ਪ੍ਰਭੂ ਨੇ ਇਸੇ ਨੂੰ ਹੀ ਰਚਿਆ ਤੇ ਇਸ ਅਗਿਆਨ ਸਦਕੇ ਹੀ ਬ੍ਰਹਮਾ, ਬਿਸ਼ਨ, ਮਹੇਸ਼ ਤੇ ਫਿਰ ਹੋਰ ਜੀਵ-ਜੰਤ ਪੈਦਾ ਕੀਤੇ:-

**ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ ॥**
**ਤਿਨਿ ਲੋਅ ਚਉਦਹ ਭਵਣੁ ਜਲ ਥਲੁ ਮਹੀਅਲੁ[੫] ਛਲੁ ਕਰਿ ਛਾਇਆ ॥**

(ਭਾਈ ਗੁਰਦਾਸ ਜੀ, ਵਾਰ ੧੮, ਪਉੜੀ ੧੧)

ਅਤੇ

**ਏਕਾ[੬] ਮਾਈ[੭] ਜੁਗਤਿ[੮] ਵਿਆਈ[੯] ਤਿਨਿ ਚੇਲੇ ਪਰਵਾਣੁ ॥**

(ਜਪੁਜੀ ਸਾਹਿਬ)

ਇਸ ਮਾਇਆ-ਛਲ ਦੇ ਦੋ ਪ੍ਰਤੱਖ ਪ੍ਰਭਾਵ ਹੁੰਦੇ ਹਨ। ਇਕ ਤਾਂ ਜੋ ਦਿੱਸਦਾ ਹੈ ਉਹ 'ਸਤਿ' ਸਦੀਵੀ ਰਹਿਣ ਵਾਲਾ ਜਾਪਦਾ ਹੈ ਤੇ ਦੂਜਾ ਉਸ ਦਿਸਦੇ ਨਾਲ ਮੋਹ ਪੈ ਜਾਂਦਾ ਹੈ। ਅਸਲ ਵਿਚ ਜਿਵੇਂ ਵੀਰਾਨ ਜੰਗਲ ਵਿਚ ਜੀਵ ਦਾ ਕੋਈ ਨਹੀਂ ਹੁੰਦਾ ਅਤੇ ਡਰਾਉਣੇ ਜਾਨਵਰ ਇਸ ਨੂੰ ਖਾਣ ਲਈ ਸਦਾ ਲਲਚਾਈ ਨਿਗਾਹ ਨਾਲ ਵੇਖਦੇ ਹਨ ਤਿਵੇਂ ਇਸ ਸੰਸਾਰ ਵਿਚ ਵੀ ਇਸ ਦਾ ਕੋਈ ਨਹੀਂ। ਜੋ ਅੰਗ-ਸਾਕ, ਪੁੱਤਰ, ਧੀ, ਇਸਤਰੀ, ਦੋਸਤ-ਮਿੱਤਰ ਆਦਿ ਇਸ ਦੇ ਨੇੜੇ ਹੋ-ਹੋ ਕੁਝ ਬਣ-ਬਣ ਕੇ ਵਿਖਾਉਂਦੇ ਹਨ, ਉਹ ਵੀ ਵਾਸਤਵ ਵਿਚ ਆਪਣੇ ਸਵਾਰਥ ਮਗਰ ਲੱਗੇ ਹੁੰਦੇ ਹਨ ਤੇ ਜਦੋਂ ਉਨ੍ਹਾਂ ਦਾ ਸਵਾਰਥ ਪੂਰਾ ਨਹੀਂ ਹੁੰਦਾ ਤਾਂ ਉਹ ਝੱਟ ਅੱਖਾਂ ਵਿਖਾ ਜਾਂਦੇ ਹਨ:-

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ[੧੦] ਕਿਆ ਮੀਤ[੧੧] ॥**

(ਦੇਵਗੰਧਾਰੀ ਮ: ੯-੫੩੬)

---

੧. ਛਾਂ, ਅਵਿਦਿਆ।
੨. ਥੋਥੀ।
੩. ਧੁਰ ਦਰਗਾਹ ਤੋਂ।
੪. ਆਗਿਆ ਪੱਤਰ।
੫. ਧਰਤੀ ਤੇ ਆਕਾਸ਼ ਦੇ ਵਿਚਕਾਰ।
੬. ਬ੍ਰਹਮ।
੭. ਮਾਇਆ।
੮. ਸੰਜੋਗ।
੯. ਪ੍ਰਸੂਤ ਹੋਈ, ਸੂਈ।
੧੦. ਇਸਤਰੀ।
੧੧. ਮਿੱਤਰ।



ਆਮ ਜੀਵ ਜੋ ਇਹ ਕਹਿੰਦੇ ਹਨ ਕਿ ਅਸੀਂ ਪਰਉਪਕਾਰ ਕਰਦੇ ਹਾਂ, ਉਹ ਵੀ ਉਨ੍ਹਾਂ ਦੇ ਆਪਣੇ ਆਤਮ ਲਈ ਹੀ ਹੁੰਦਾ ਹੈ; ਜਿਥੇ ਆਤਮਾ ਨੂੰ ਨੁਕਸਾਨ ਪੁੱਜਦਾ ਹੋਵੇ ਜਾਂ ਕੋਈ ਲਾਭ ਨਾ ਹੁੰਦਾ ਹੋਵੇ, ਉਥੇ ਉਹ ਪਰਉਪਕਾਰ ਕਰਨ ਤੋਂ ਵੀ ਹਟ ਜਾਂਦੇ ਹਨ। ਸਾਰਿਆਂ ਦੇ ਸਵਾਰਥ ਪੂਰੇ ਕਰਨੇ ਬਹੁਤ ਹੀ ਮੁਸ਼ਕਲ ਹਨ ਅਤੇ ਜਿਨ੍ਹਾਂ ਦੇ ਸਵਾਰਥ ਪੂਰੇ ਨਹੀਂ ਹੁੰਦੇ, ਉਨ੍ਹਾਂ ਵਿਚੋਂ ਕਿੰਨੇ ਹੀ ਦੁਸ਼ਮਣ ਬਣ ਜਾਂਦੇ ਹਨ। ਗੱਲ ਕੀ ਸਭ ਦਾਅ 'ਤੇ ਰਹਿੰਦੇ ਹਨ, ਕੋਈ ਵੀ ਇਸ ਜੀਵ ਦਾ ਸੱਚਾ ਸਾਥੀ ਨਹੀਂ। ਫਿਰ ਜੀਵ ਦੁਖ-ਸੁਖ ਵੀ ਇਕੱਲਾ ਹੀ ਸਹਾਰਦਾ ਹੈ। ਸੱਚੇ ਸੇਵਕ ਭੀ ਔਖ ਵੇਲੇ ਇਸ ਦੀ ਉਪਰਲੀ ਸੇਵਾ ਹੀ ਕਰ ਸਕਦੇ ਹਨ, ਫਿਰ ਮੌਤ ਦੇ ਆਉਣ 'ਤੇ ਕੋਈ ਵੀ ਇਸ ਸੰਸਾਰ ਵਿਚ ਰੱਖ ਨਹੀਂ ਸਕਦਾ। ਤਦੇ ਗੁਰੂ ਜੀ ਜੀਵ ਤੋਂ ਪੁੱਛਦੇ ਹਨ :-

**ਕਿਸੁ ਭਰਵਾਸੈ ਬਿਚਰਹਿ[੧] ਭਵਨ ॥**
**ਮੂੜ ਮੁਗਧ[੨] ਤੇਰਾ ਸੰਗੀ ਕਵਨ ॥**
**ਰਾਮੁ ਸੰਗੀ ਤਿਸੁ ਗਤਿ[੩] ਨਹੀ ਜਾਨਹਿ ॥**
**ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥੧॥**

(ਰਾਮਕਲੀ ਮ: ੫-੮੯੮)

ਪਰ ਇਸ ਮਾਇਆ-ਛਾਇਆ ਵਿਚ ਇੰਨੀ ਸ਼ਕਤੀ ਹੈ ਕਿ ਜੀਵ ਅਜਿਹੀ ਤਰਸਯੋਗ ਹਾਲਤ ਵਿਚ ਹੁੰਦੇ ਹੋਏ ਵੀ ਇਸ ਸੰਸਾਰ ਨੂੰ ਘੁੱਗ ਵਸਦਾ ਨਗਰ ਹੀ ਸਮਝਦਾ ਹੈ ਤੇ ਇਸ ਨਾਲ ਪਿਆਰ ਕਰਦਾ ਹੈ:-

**ਮਹਾ ਭਇਆਨ[੫] ਉਦਿਆਨ[੬] ਨਗਰ[੭] ਕਰਿ ਮਾਨਿਆ ॥**
**[੮]ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥**

(ਵਾਰ ਜੈਤਸਰੀ, ਮ: ੫, ਪਉੜੀ-੭੦੭)

ਸਤਿਗੁਰੂ ਜੀ ਇਸ ਮੋਹ ਜਾਲ ਦਾ ਭਿਆਨਕ ਨਕਸ਼ਾ ਖਿੱਚਦੇ ਹੋਏ ਫੁਰਮਾਉਂਦੇ ਹਨ ਕਿ ਮਨੁੱਖ ਦਾ ਉਸ ਤਲਾਅ ਦੇ ਵਿਚ ਵਾਸਾ ਹੋਇਆ ਹੈ ਜਿਸ ਵਿਚ ਵਾਹਿਗੁਰੂ ਨੇ ਪਾਣੀ ਦੀ ਥਾਂ ਅੱਗ ਪਾਈ ਹੋਈ ਹੈ। ਉਸ ਵਿਚ ਚਿੱਕੜ ਮੋਹ ਦਾ ਹੈ, ਜਿਸ ਕਰਕੇ ਪੈਰ ਨਹੀਂ ਚੱਲਦਾ। ਸਤਿਗੁਰੂ ਜੀ ਸਾਖੀ ਭਰਦੇ ਹਨ ਕਿ ਭਾਈ ਅਸੀਂ ਉਥੇ ਮਨੁੱਖ ਨੂੰ ਡੁਬਦਿਆਂ ਵੇਖਿਆ ਹੈ:-

**ਤਿਤੁ[੯] ਸਰਵਰੜੈ[੧੦] ਭਈਲੇ[੧੧] ਨਿਵਾਸਾ**
**ਪਾਣੀ ਪਾਵਕੁ[੧੨] ਤਿਨਹਿ[੧੩] ਕੀਆ ॥**

---

੧. ਵਿਚਰਦਾ ਹੈਂ।
੨. ਮੂਰਖ।
੩. ਹਾਲ।
੪. ਲੁਟੇਰੇ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ)।
੫. ਡਰਾਉਣਾ।
੬. ਜੰਗਲ।
੭. ਪਿੰਡ, ਸ਼ਹਿਰ।
੮. ਝੂਠੇ ਸਮਿਆਨ।
੯. ਉਸ।
੧੦. ਤਲਾਅ ਵਿਚ (ਸੰਸਾਰ ਰੂਪ)।
੧੧. ਹੋਇਆ ਹੈਂ।
੧੨. ਅੱਗ (ਤ੍ਰਿਸ਼ਨਾ ਰੂਪ)।
੧੩. ਉਸ ਦੇ ਭਾਵ ਪ੍ਰਭੂ ਨੇ।

ਪੰਕਜੁ[1] ਮੋਹ ਪਗੁ[2] ਨਹੀ ਚਾਲੈ
ਹਮ ਦੇਖਾ ਤਹ[3] ਡੂਬੀਅਲੇ[4] ॥

(ਆਸਾ ਮ: ੧-੧੨)

ਇਸ ਕਰਕੇ ਦੀਸਣਹਾਰ ਸੰਸਾਰ ਤੋਂ ਸਤਿਗੁਰੂ ਜੀ ਮਨ ਕਰਕੇ ਉਦਾਸ ਰਹਿਣ ਦੀ ਪ੍ਰੇਰਣਾ ਦਿੰਦੇ ਹਨ ਅਤੇ ਇਸ ਵਿਚ ਸੱਚੇ ਪ੍ਰਭੂ ਨੂੰ ਵੇਖਣ ਦੀ ਤਾਕੀਦ ਕਰਦੇ ਹਨ:-

ਸਾਧੋ ਇਹੁ ਤਨੁ ਮਿਥਿਆ[5] ਜਾਨਉ ॥
ਯਾ[6] ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥

(ਬਸੰਤੁ ਹਿੰਡੋਲ ਮ: ੯-੧੧੮੬)

ਕਿਉਂ ਜੋ ਵਾਹਿਗੁਰੂ ਜੀ ਹਰੇਕ ਹਿਰਦੇ ਵਿਚ ਵਸਦੇ ਹਨ, ਇਸੇ ਕਰਕੇ ਚੰਦ੍ਰਮਾ ਨੂੰ ਜਲ ਨਾਲ ਭਰੇ ਹੋਏ ਵੱਖ-ਵੱਖ ਘੜਿਆਂ ਵਿਚ ਪ੍ਰਤੀਬਿੰਬਤ ਹੋਏ ਵੇਖਣ ਦੀ ਉਦਾਹਰਣ ਦਿੱਤੀ ਜਾਂਦੀ ਹੈ ਤੇ ਆਪਣੇ ਘੱਟ ਅੰਦਰ ਹੀ ਵੇਖਣ ਦੀ ਤਾਕੀਦ ਕੀਤੀ ਜਾਂਦੀ ਹੈ। ਭਾਈ ਗੁਰਦਾਸ ਜੀ ਇਸ ਭਾਵ ਨੂੰ ਬਹੁਤ ਸੁੰਦਰ ਢੰਗ ਨਾਲ ਬਿਆਨ ਕਰਦੇ ਹਨ:-

ਦਰਪਣਿ ਵਾਂਗ ਧਿਆਨੁ ਧਰਿ ਆਪੁ ਆਪ ਨਿਹਾਲੈ ॥
ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ ॥
ਗੋਰਸੁ ਗਾਈ ਵੇਖਦਾ ਘਿਉ ਦੁਧੁ ਵਿਚਾਲੈ ॥
ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ ॥
ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ ॥
ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ ॥੬॥

(ਵਾਰ ੯, ਪਉੜੀ ੬)

ਅਰਥਾਤ ਜਿਵੇਂ ਆਪਣੇ ਆਪ ਨੂੰ ਵੇਖਣ ਲਈ ਅਸੀਂ ਸ਼ੀਸ਼ੇ ਵਿਚ ਧਿਆਨ ਕਰਦੇ ਹਾਂ ਅਤੇ ਜਿਵੇਂ ਸਾਨੂੰ ਚੰਦ ਦਾ ਪ੍ਰਤੀਬਿੰਬ ਹਰ ਜਲ ਵਿਚ ਮਿਲਦਾ ਹੈ; ਜਿਵੇਂ ਵੱਖੋ-ਵੱਖ ਰੰਗਾਂ ਦੀਆਂ ਗਊਆਂ ਵਿਚ ਇਕੋ ਜਿਹਾ ਚਿੱਟਾ ਦੁੱਧ ਹੁੰਦਾ ਹੈ ਅਤੇ ਸਾਰੇ ਦੁੱਧ ਵਿਚ ਇਕਸਾਰ ਘਿਓ ਹੁੰਦਾ ਹੈ, ਜਿਵੇਂ ਫੁੱਲਾਂ ਵਿਚ ਸੁਗੰਧੀ ਤੇ ਫਲਾਂ ਵਿਚ ਰਸ ਸਮਾਇਆ ਹੁੰਦਾ ਹੈ; ਅਤੇ ਜਿਵੇਂ ਕਾਠ ਵਿਚ ਅੱਗ ਤੇ ਧਰਤੀ ਵਿਚ ਪਾਣੀ ਹੁੰਦਾ ਹੈ ਤਿਵੇਂ ਹੀ ਸਾਡੇ ਘਟ-ਘਟ ਵਿਚ ਪੂਰਨ ਬ੍ਰਹਮ ਜੀ ਸਮਾਏ ਹੋਏ ਹਨ ਪਰ ਉਹ ਗੁਰੂ ਦੁਆਰਾ ਹੀ ਵਿਖਾਈ ਦਿੰਦੇ ਹਨ।

ਗੁਰੂ ਸਾਡੇ ਅੰਦਰਲੇ ਸੁਰਤ ਵਾਲੇ ਦਿੱਬ ਲੋਇਣ ਖੋਲ੍ਹਦਾ ਹੈ, ਜਿਸ ਦੇ ਅਨੁਭਵ

੧. ਚਿੱਕੜ।
੨. ਪੈਰ।
੩. ਉਥੇ, ਉਸ ਤਲਾਅ ਵਿਚ।
੪. ਡੁੱਬਦਾ।
੫. ਝੂਠਾ, ਬਿਨਸਨਹਾਰ।
੬. ਇਸ ਤਨ ਅੰਦਰ।



ਰਾਹੀਂ ਅਸੀਂ ਇਸ ਵਿਆਪਕ ਪ੍ਰਭੂ ਦੇ ਦਰਸ਼ਨ ਕਰਦੇ ਹਾਂ। ਇਹ ਬਾਹਰਲੀਆਂ ਸਥੂਲ ਅੱਖਾਂ ਤਾਂ ਉਸ ਨੂੰ ਵੇਖਣ ਦੇ ਅਸਮਰੱਥ ਹਨ। ਪਹਿਲੋਂ ਇਹ ਅਨੁਭਵ ਆਤਮਾ ਅੰਦਰ ਬੈਠੇ ਪ੍ਰਭੂ ਦਾ ਹੁੰਦਾ ਹੈ ਅਤੇ ਫਿਰ ਆਤਮਾ ਰਾਹੀਂ ਇਸ ਦੇ ਵਿਆਪਕ ਤੇ ਅਸੰਗ ਸਰੂਪ ਦਾ ਹੁੰਦਾ ਹੈ:-

ਸਤ ਸੰਤੋਖਿ ਰਹਹੁ[1] ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ[2] ਪਰਾਤਮੁ[3] ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥

(ਮਾਰੂ ਮ: ੧-੧੦੩੦)

ooo

੧. ਪਕੜੋ, ਧਾਰਨ ਕਰੋ।
੨. ਪਛਾਣ ਕੇ।
੩. ਵੱਡਾ ਆਤਮਾ, ਪ੍ਰਭੂ।

## ਤੀਜਾ ਕਾਂਡ

# ਆਤਮਾ ਦਾ ਸਰੂਪ

### (੧)

### (ੳ) ਸਤਿ (ਹੋਂਦ)

ੴ ਉਹ ਪਰਮ-ਆਤਮਾ ਹੈ ਜੋ ਓਅੰਕਾਰ ਦੇ ਰੂਪ ਵਿਚ ਵਿਆਪਕ ਹੋ ਕੇ ਸਭ ਜੀਆਂ ਦੇ ਅੰਦਰ ਤੇ ਬਾਹਰ ਇਕਸਾਰ ਰਮ ਰਿਹਾ ਹੈ। ਇਸ ਦੇ ਸਰੂਪ ਨੂੰ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ 'ਸਤਿਨਾਮੁ', ਭਾਵ ਹੋਂਦ ਸਰੂਪ ਕਰ ਕੇ ਜਣਾਇਆ ਹੈ। ਓਅੰਕਾਰ, ਉਸ ਹੋਂਦ ਦਾ ਪਰਵਾਹ (ਧੁਨੀ) ਹੈ, ਜੋ ਆਦਿ ਕਾਲ ਤੋਂ ਹੈ। ਇਸੇ ਹੋਂਦ ਦੇ ਪਰਵਾਹ ਨੇ ਆਪਣੇ ਆਪ ਤੋਂ ਸਾਰੀ ਰਚਨਾ ਕੀਤੀ ਅਤੇ ਇਹੀ ਹੋਂਦ ਰਚਨਾ ਦੀ ਦੇਖਭਾਲ ਤੇ ਸੰਭਾਲ ਕਰਨ ਲਈ ਇਸ ਵਿਚ ਹੁਣ ਵੀ ਮੌਜੂਦ ਹੈ। ਮਾਨੋ ਇਹ ਰਚਨਾ ਉਸ ਹੋਂਦ ਦਾ ਘਰ ਹੈ:-

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

(ਆਸਾ ਵਾਰ, ਮ: ੨-੪੬੩)

ਰਚਨਾ ਵਿਚ ਵੱਸਣ ਨਾਲ ਜਾਂ ਘਟ ਘਟ ਦੇ ਅੰਦਰ ਟਿੱਕ ਜਾਣ ਕਰਕੇ ਇਸ ਹੋਂਦ ਦੇ ਇਕਸਾਰ ਤੇ ਇਕਰਸ ਹੋਣ ਵਿਚ ਵਿਘਨ ਨਹੀਂ ਪਿਆ। ਇਹ ਉਵੇਂ-ਕਿਵੇਂ ਹੀ ਸਭ ਦੇ ਅੰਦਰ ਤੇ ਬਾਹਰ ਇਕਸਾਰ ਰਮ ਰਹੀ ਹੈ:-

**ਜ਼ਿਮੀਂ[1] ਜ਼ਮਾਨ[2] ਕੇ ਬਿਖੈ ਸਮਸਤ[3] ਏਕ ਜੋਤ ਹੈ ॥**
**ਨਾ ਘਾਟ ਹੈ ਨਾ ਬਾਢ[4] ਹੈ ਨ ਘਾਟ ਬਾਢ ਹੋਤ ਹੈ ॥**

(ਅਕਾਲ ਉਸਤਤ, ਪਾ.੧੦)

ਜਿਸ ਨੇ ਵੀ ਇਸ ਹੋਂਦ ਸਰੂਪ ਪਰਮਾਤਮਾ ਦਾ ਧਿਆਨ ਧਰਿਆ ਤੇ ਇਸ ਨੂੰ ਰਿਦੈ ਵਿਚ ਵਸਾਇਆ, ਉਸ ਨੂੰ ਸਾਰੇ ਪਾਸੇ ਇਹ ਹੋਂਦ ਹੀ ਕਰਤਾ ਪੁਰਖ ਹੋ ਕੇ ਦਿਸੀ। ਇਸ ਤਰ੍ਹਾਂ ਉਸ ਦੀ ਆਪਣੀ ਹਉਮੈ ਵਾਲੀ ਹਸਤੀ (ਹੋਂਦ) ਦਾ ਅੰਤ ਹੋ ਗਿਆ ਤੇ ਉਸ ਨੇ ਆਪਣੇ ਆਪ ਨੂੰ ਕਿਸੇ ਵੀ ਚੀਜ਼ ਦਾ ਕਰਨ ਵਾਲਾ ਨਹੀਂ ਮੰਨਿਆ:-

**ਸਤਿ[5] ਸਰੂਪੁ ਰਿਦੈ ਜਿਨਿ ਮਾਨਿਆ ॥**
**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**

(ਗਉੜੀ ਸੁਖਮਨੀ ਮ: ੫-੨੮੫)

---

੧. ਧਰਤੀ।
੨. ਅਸਮਾਨ।
੩. ਸਾਰੇ।
੪. ਵਧ।
੫. ਹੈਂ, ਸਭ ਕਾਲਾਂ ਵਿਚ ਜੋ 'ਹੈ' ਹੋਵੇ।



### (ਅ) ਪ੍ਰਕਾਸ਼ (ਚਿਤ=ਚੇਤਨ)

ਨਿਰੰਕਾਰ ਜੀ ਨੇ ਆਪਣੀ ਇਸ ਹੋਂਦ ਦਾ ਨਿਸ਼ਾਨ (ਚਿੰਨ੍ਹ) ਵੀ ਕਾਇਮ ਕੀਤਾ, ਜਿਸ ਨੂੰ ਗੁਰਬਾਣੀ 'ਚ 'ਜੋਤਿ' ਕਰਕੇ ਆਖਿਆ ਗਿਆ ਹੈ:-

**ਸਚੁ ਨੀਸਾਣੁ[1] ਅਪਾਰੁ ਜੋਤਿ ਉਜਾਲਿਆ ॥**

(ਭਾਈ ਗੁਰਦਾਸ ਜੀ, ਵਾਰ ੩, ਪਉੜੀ ੧੫)

ਇਹ ਜੋਤਿ ਵਾਲਾ ਰੂਪ ਨਿਰੰਕਾਰ ਜੀ ਦਾ ਨਿਰਗੁਣ ਸਰੂਪ ਹੈ ਅਤੇ ਇਹ ਤਿੰਨਾਂ ਗੁਣਾਂ ਤੋਂ ਉੱਤੇ ਹੈ। ਇਹ ਰੂਪ, ਰੇਖ, ਰੰਗ ਤੋਂ ਨਿਆਰਾ ਹੁੰਦਾ ਹੋਇਆ ਵੀ ਅਨੁਭਵ ਵਿਚ ਪ੍ਰਕਾਸ਼ ਰੂਪ ਪ੍ਰਗਟ ਹੁੰਦਾ ਹੈ। ਤਿੰਨਾਂ ਗੁਣਾਂ ਤੋਂ ਨਿਆਰਾ ਹੋਣ ਕਰਕੇ ਨਿਰੰਕਾਰ ਜੀ ਦਾ ਇਹ ਹੋਂਦ-ਨਿਸ਼ਾਨ ਸਦਾ ਕਾਇਮ ਰਹਿਣ ਵਾਲਾ ਹੈ:-

**ਅਚਲ ਮੂਰਤਿ ਅਨਭਉ ਪ੍ਰਕਾਸ਼ ਅਮਿਤੋਜਿ[2] ਕਹਿਜੈ ॥**

(ਜਾਪੁ ਸਾਹਿਬ)

ਸੋ ਪ੍ਰਕਾਸ਼ (ਜੋਤਿ) ਪ੍ਰਭੂ-ਹੋਂਦ ਹੈ। ਜਦੋਂ ਏਕੰਕਾਰ ਸਰੂਪ ਨੇ 'ਓਅੰ' ਦੀ ਧੁਨੀ ਕੀਤੀ ਤਾਂ ਪ੍ਰਭੂ-ਹੋਂਦ ਜੋਤਿ ਹੀ ਜੋਤਿ ਸਾਰੇ ਪਸਰ ਗਈ, ਜਿਸ ਨੇ ਸਾਰੀ ਰਚਨਾ ਕਰ ਦਿੱਤੀ :-

**ਅਵਲਿ ਅਲਹ[3] ਨੂਰੁ[4] ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥**

(ਪ੍ਰਭਾਤੀ ਕਬੀਰ ਜੀ-੧੩੪੯)

ਅਤੇ

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**

(ਰਾਮਕਲੀ ਮ: ੩, ਅਨੰਦੁ-੯੨੧)

ਹੋਂਦ ਦਾ ਇਹ ਨਿਸ਼ਾਨ (ਜੋਤਿ) ਜਿਸ ਨੂੰ ਕਬੀਰ ਜੀ ਨੂਰ ਆਖਦੇ ਹਨ, ਹੀ ਪ੍ਰਭੂ ਦਾ 'ਨਾਮ' ਹੈ।

ਕਿਉਂ ਜੋ ਨਾਮ, ਹੋਂਦ (ਹਸਤੀ) ਨੂੰ ਹੀ ਪ੍ਰਗਟਾਉਂਦਾ ਹੁੰਦਾ ਹੈ, ਇਸ ਲਈ ਪ੍ਰਭੂ-ਨਾਮ ਦਾ ਭਾਵ ਪ੍ਰਭੂ ਦੀ ਪ੍ਰਕਾਸ਼ ਰੂਪ ਹੋਂਦ ਹੈ। ਇਸੇ ਨੂੰ ਗੁਰਬਾਣੀ ਵਿਚ ਓਅੰਕਾਰ ਆਖਿਆ ਗਿਆ ਹੈ। ਸੋ ਜਿਥੇ 'ਓਅੰਕਾਰਿ ਸਭ ਸ੍ਰਿਸਟਿ ਉਪਾਈ' ਕਿਹਾ ਗਿਆ ਹੈ, ਉਥੇ ਨਾਮ ਸ਼ਕਤੀ ਤੋਂ ਹੀ ਸਭ ਕੁਝ ਹੋਇਆ ਦੱਸਿਆ ਗਿਆ ਹੈ ਤੇ ਇਹੋ ਹੀ ਸਭ ਦਾ ਆਧਾਰ ਹੈ:-

**ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥**
**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥**

---

੧. ਨਿਸ਼ਾਨੀ।
੨. ਜਿਸ ਦੇ ਬਲ ਦੀ ਕੋਈ ਹੱਦ ਨਹੀਂ।
੩. ਪ੍ਰਭੂ ਨੇ।
੪. ਜੋਤਿ।

**ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥**
**ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥**
**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥**

(ਗਉੜੀ ਸੁਖਮਨੀ ਮ: ੫-੨੮੪)

ਸੋ ਇਹ ਰਚਨਹਾਰ ਤੇ ਧਾਰਨਹਾਰ ਚੇਤਨ ਪ੍ਰਭੂ-ਹੋਂਦ ਘਟ-ਘਟ ਵਿਚ ਬੈਠ ਕੇ ਸਭ ਨੂੰ ਸੱਤਾ ਦੇ ਰਹੀ ਹੈ ਅਤੇ ਸਭ ਦੀ ਸੰਭਾਲ ਤੇ ਅਗਵਾਈ ਕਰ ਰਹੀ ਹੈ :-

**ਸਭ ਮਹਿ ਜੋਤਿ ਜੋਤਿ ਹੈ ਸੋਇ[੧]॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**

(ਧਨਾਸਰੀ ਮ: ੧-੬੬੩)

ਇਸ ਤਰ੍ਹਾਂ ਇਹ ਪ੍ਰਭੂ-ਹੋਂਦ ਹੋਰ ਸਭ ਹੋਂਦਾ (ਹਸਤੀਆਂ) ਦੀ ਜਿੰਦ-ਜਾਨ ਹੈ। ਇਹ ਸਭ ਦਾ ਆਧਾਰ ਹੈ ਕਿਉਂ ਜੋ ਇਹ ਸਭ ਦੇ ਘਟ-ਘਟ ਵਿਚ ਬੈਠ ਕੇ ਹਰਕਤ ਦੇਣ ਵਾਲੀ ਹੈ। ਇਹ ਉਹ ਧੁਰਾ ਹੈ ਜਿਸ ਦੁਆਲੇ ਸਭ ਜੀਵ ਘੁੰਮਦੇ ਹਨ। ਇਸ ਲਈ ਇਹ ਸਭ ਦਾ ਆਤਮਾ ਹੈ। ਇਸੇ ਆਤਮਾ ਦੀ ਹੀ ਅਸੀਂ ਪੂਜਾ ਕਰਨੀ ਹੈ। ਇਸ ਅੰਦਰਲੀ ਪ੍ਰਭੂ-ਹੋਂਦ ਵਿਚ ਤੇ ਬਾਹਰਲੀ ਪ੍ਰਭੂ-ਹੋਂਦ ਵਿਚ ਕੋਈ ਫ਼ਰਕ ਨਹੀਂ। ਪ੍ਰਭੂ-ਹੋਂਦ ਇਕ ਹੈ, ਜਿਸ ਦੇ ਹਿੱਸੇ ਨਹੀਂ ਕੀਤੇ ਜਾ ਸਕਦੇ। ਇਸ ਲਈ ਫ਼ੁਰਮਾਇਆ ਹੈ:-

**ਆਤਮ ਦੇਉ[੨] ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ॥**

(ਪੰਨਾ ੧੩੨੫)

## (ੲ) ਆਨੰਦ-ਸਰੂਪ

ਇਹ ਪ੍ਰਭੂ-ਹੋਂਦ ਆਨੰਦ-ਸਰੂਪ ਹੈ। ਗੁਰੂ ਅਰਜਨ ਦੇਵ ਜੀ ਇਸ ਨੂੰ 'ਵੇਪਰਵਾਹੁ ਅਨੰਦਮੈ' ਕਰਕੇ ਕਹਿੰਦੇ ਹਨ। ਅਨੰਦਮਈ ਪ੍ਰਭੂ ਆਨੰਦ-ਸਰੂਪ ਹੋ ਕੇ ਹੀ ਸਾਰੇ ਵਿਆਪ ਰਿਹਾ ਹੈ :-

**ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ[੩]॥**
**ਅਨਦ ਰੂਪੁ ਰਵਿਓ ਸਭ ਮਧੇ[੪] ਜਤ[੫] ਕਤ ਪੇਖਉ[੬] ਜਾਈ॥**

(ਧਨਾਸਰੀ ਮ: ੫-੬੭੩)

ਅਤੇ

**ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥**
**ਅਨਦ ਰੂਪੁ ਸਭੁ ਨੈਨ[੭] ਅਲੋਇਆ॥**

(ਆਸਾ ਮ: ੫-੩੮੭)

---

੧. ਵਾਹਿਗੁਰੂ।
੨. ਪ੍ਰਕਾਸ਼ ਰੂਪ ਪ੍ਰਮਾਤਮਾ।
੩. ਭਰਮ, ਅਗਿਆਨ।
੪. ਵਿਚ।
੫. ਜਿਥੇ, ਕਿਥੇ।
੬. ਦੇਖਦਾ ਹਾਂ।
੭. ਅੱਖਾਂ ਨਾਲ ਵੇਖਿਆ।



ਜਪੁਜੀ ਸਾਹਿਬ ਵਿਚ ਪ੍ਰਮਾਤਮਾ ਨੂੰ *'ਸਤਿ ਸੁਹਾਣੁ ਸਦਾ ਮਨਿ ਚਾਉ॥'* ਕਰਕੇ ਦਰਸਾਇਆ ਗਿਆ ਹੈ, ਜਿਸ ਦਾ ਭਾਵ ਹੈ ਕਿ ਉਹ ਹੋਂਦ ਵਾਲਾ, ਚੇਤਨ ਅਤੇ ਸਦਾ ਆਨੰਦ-ਸਰੂਪ ਹੈ।

ਪ੍ਰਭੂ ਆਪ ਆਨੰਦਮਈ ਹੈ, ਇਸ ਲਈ ਆਨੰਦ-ਸਰੂਪ ਨੂੰ ਜਪਣ ਵਾਲੇ ਭਗਤ-ਜਨ ਵੀ ਸਦਾ ਖੇੜੇ ਤੇ ਵਿਗਾਸ ਵਿਚ ਰਹਿੰਦੇ ਹਨ। *'ਨਾਨਕ ਭਗਤਾ ਸਦਾ ਵਿਗਾਸੁ'* ਹੁੰਦਾ ਹੈ। ਪ੍ਰਭੂ ਸਿਮਰਨ ਵਿਚ ਜੁੜੇ ਜੀਵ ਕਦੇ ਦੁਖੀ ਨਹੀਂ ਹੁੰਦੇ, ਸਦਾ ਆਨੰਦ ਵਿਚ ਰਹਿੰਦੇ ਹਨ। ਇਹ ਆਨੰਦ ਵੀ ਸੰਸਾਰੀ ਬਿਨਸਨਹਾਰ ਆਨੰਦਾਂ ਵਰਗਾ ਨਹੀਂ। ਇਸ ਦਾ ਆਪਣਾ ਹੀ ਅਨੂਠਾ ਰੰਗ ਤੇ ਸਰੂਰ ਹੈ ਤਾਂ ਹੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ:-

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥**

(ਰਾਮਕਲੀ ਮ: ੩, ਅਨੰਦੁ-੯੧੭)

## (ਸ) ਆਪਾ-ਭਾਵ

ਆਤਮਾ ਸੰਸਕ੍ਰਿਤ ਦੇ ਸ਼ਬਦ 'ਆਤ੍ਮਨ੍' ਤੋਂ ਬਣਿਆ ਹੈ, ਜਿਸ ਦੇ ਇਕ ਅਰਥ ਇਹ ਹਨ, 'ਜਿਸ ਦਵਾਰਾ ਜਾਣੀਏ' ਗਯਾਨ ਦਾ ਆਧਾਰ ਰੂਪ' ਅਤੇ ਅਸੀਂ ਉੱਪਰ ਵੇਖਿਆ ਹੀ ਹੈ ਕਿ ਉਹ ਪ੍ਰਭੂ-ਹੋਂਦ, ਆਤਮਾ ਕਿਵੇਂ ਸਭ ਵਿਚ ਆਪਣਾ ਚਾਨਣ (ਹੋਂਦ) ਬਖ਼ਸ਼ਦਾ ਹੈ ਅਤੇ ਸਿਰਜਣਹਾਰ ਦੇ ਨਾਤੇ ਸਭ ਗਿਆਨਾਂ ਦਾ ਆਧਾਰ ਵੀ ਹੈ। ਇਹੋ ਹੀ ਆਦਿ-ਗੁਰੂ ਓਅੰਕਾਰ ਹੈ ਜੋ ਸ਼ਬਦ-ਰੂਪ (ਪ੍ਰਕਾਸ਼ਕ) ਹੋ ਕੇ ਸਾਰੇ ਵਰਤ ਰਿਹਾ ਹੈ। ਇਸ ਗਿਆਨ-ਸਰੂਪ, ਪ੍ਰਭੂ-ਹੋਂਦ ਨੂੰ ਹੀ ਸਤਿਗੁਰੂ ਜੀ 'ਨਮੋ ਗਿਆਨ ਗਿਆਨੇ' ਕਹਿ ਕੇ ਵੀ ਨਮਸਕਾਰ ਕਰਦੇ ਹਨ। ਫਿਰ ਇਸ ਸ਼ਬਦ ਦਾ ਦੂਜਾ ਭਾਵ ਹੋਇਆ ਹੈ 'ਆਪਣਾ ਆਪ'। ਜਿਵੇਂ ਸਾਡੀ ਹੋਂਦ ਸਾਡੇ ਆਪੇ ਜਾਂ ਆਪਾ-ਭਾਵ ਨੂੰ ਜਣਾਉਂਦੀ ਹੈ ਤਿਵੇਂ ਹੀ ਉਕਤ ਪ੍ਰਭੂ-ਹੋਂਦ ਪ੍ਰਭੂ ਦਾ ਆਪਾ-ਭਾਵ ਹੈ। ਨਿਰੰਕਾਰ ਜੀ ਨੇ ਜਦੋਂ ਇਕ ਤੋਂ ਅਨੇਕ ਹੋਣ ਦੀ ਭਾਵਨਾ ਕੀਤੀ ਤਾਂ ਉਸ ਨੇ ਪਹਿਲੋਂ 'ਆਪਣਾ ਆਪ' ਸਾਜਿਆ ਕਿਉਂ ਜੋ ਨਿਰੰਕਾਰ ਅਵਸਥਾ ਵਿਚ ਤਾਂ ਨਾ ਅਨੁਭਵ ਸੀ ਤੇ ਨਾ ਹੀ ਅਨੁਭਵ ਕਰਨ ਵਾਲਾ ਸੀ। ਆਸਾ ਜੀ ਦੀ ਵਾਰ ਵਿਚ ਸਤਿਗੁਰੂ ਜੀ ਨੇ *'ਆਪੀਨ੍ਹੈ ਆਪੁ ਸਾਜਿਓ'* ਕਹਿ ਕੇ ਇਸੇ ਸੱਚਾਈ ਵੱਲ ਇਸ਼ਾਰਾ ਕੀਤਾ ਹੈ ਅਤੇ ਭਾਈ ਗੁਰਦਾਸ ਜੀ ਅਲਖ ਨਿਰੰਕਾਰ ਦੇ ਲਖੇ ਜਾਣ ਵਾਲੇ ਆਪਾ-ਭਾਵ ਵਾਲੇ ਸਰੂਪ ਨੂੰ 'ਏਕੰਕਾਰ' ਕਰਕੇ ਵਰਣਨ ਕਰਦੇ ਹਨ:-

**ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ॥**
**ਹੋਆ ਏਕੰਕਾਰੁ ਆਪੁ ਉਪਾਇਆ॥**

(ਵਾਰ ੨੨, ਪਉੜੀ ੧)

ਨਿਰੰਕਾਰ ਜੀ ਨੇ ਇਸ ਆਪਾ-ਭਾਵ (ਹੋਂਦ) ਨੂੰ ਓਅੰ ਦੀ ਧੁਨੀ ਕਰਕੇ ਹੀ

ਸਾਰੇ ਰਮਾਇਆ ਅਤੇ ਇਸੇ ਓਅੰਕਾਰ ਰੂਪ ਤੋਂ ਹੀ ਸਾਰੀ ਰਚਨਾ ਹੋਈ:-

**ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ॥**

(ਭਾਈ ਗੁਰਦਾਸ ਜੀ, ਵਾਰ ੨੬, ਪਉੜੀ ੨)

ਦਸਮ ਪਾਤਸ਼ਾਹ ਜੀ ਜਾਪੁ ਸਾਹਿਬ ਵਿਚ ਪਹਿਲੀ ਏਕੰਕਾਰ ਵਾਲੀ ਹਾਲਤ ਨੂੰ ਹੀ 'ਪਰਮਾਤਮ' (ਪਰਮ ਆਪਾ) ਕਹਿੰਦੇ ਹਨ ਅਤੇ ਰਚਨਾ ਵਿਚ ਵਿਆਪਕ ਓਅੰਕਾਰ ਵਾਲੀ ਦੂਜੀ ਸੂਰਤ ਨੂੰ 'ਸਰਬਾਤਮ' (ਸਭ ਦਾ ਆਪਾ) ਕਰਕੇ ਕਹਿੰਦੇ ਹਨ:-

**ਪਰਮਾਤਮ ਹੈਂ॥ ਸਰਬਾਤਮ ਹੈਂ॥**

(ਜਾਪੁ ਸਾਹਿਬ)

ਇਉਂ ਸਮੁੱਚਾ ਪ੍ਰਭੂ-ਆਪਾ ੧ਓ ਦੁਆਰਾ ਹੀ ਪ੍ਰਗਟ ਹੁੰਦਾ ਹੈ ਅਤੇ ਓਅੰਕਾਰ, ਆਤਮਾ, ਇਸ ਦਾ ਇਕ ਅੰਸ਼ ਹੈ। ਭਾਵ ਇਹ ਹੈ ਕਿ ਰਚਨਾ ਭਾਵੇਂ ਬੇਅੰਤ ਹੈ ਫਿਰ ਵੀ ਪ੍ਰਭੂ ਦੀ ਕੀਤੀ ਹੋਈ ਅੰਤ ਵਾਲੀ ਹੀ ਹੈ ਅਤੇ ਬੇਅੰਤ ਪ੍ਰਭੂ ਦੀ ਹੋਂਦ ਅੰਤ ਵਾਲੀ ਰਚਨਾ ਵਿਚ ਹੀ ਖ਼ਤਮ ਨਹੀਂ ਹੁੰਦੀ ਸਗੋਂ ਰਚਨਾ ਦੇ ਬਾਹਰ ਵੀ ਬੇਅੰਤ-ਬੇਅੰਤ ਹੀ ਹੈ। ੧ਓ ਦਾ ਏਕਾ ਅੰਕ ਇਕ ਅਪਰੰਪਰ ਅਸੰਗ ਤੇ ਪ੍ਰਕਾਸ਼ ਰੂਪ ਚੇਤਨ ਪ੍ਰਭੂ-ਆਪੇ ਦਾ ਲਖਾਇਕ ਹੈ। ਇਹ ਪ੍ਰਭੂ-ਹੋਂਦ, ਪ੍ਰਭੂ ਆਪਾ ਰਚਨਾ ਵਿਚ ਵੀ ਅਸੰਗ ਹੀ ਹੈ ਤਾਂ ਹੀ ਸਰੀਰਾਂ ਵਿਚ ਰਹਿਣ ਵਾਲੀ ਪ੍ਰਭੂ-ਹੋਂਦ, ਆਤਮਾ, ਨੂੰ *'ਨੇਤ ਨੇਤ ਕਥੰਤਿ ਬੇਦਾ'* (ਸਲੋਕ ਸਹਸਕ੍ਰਿਤੀ) ਕਰਕੇ ਆਖਿਆ ਗਿਆ ਹੈ, ਜਿਸ ਦਾ ਭਾਵ ਹੈ ਕਿ ਆਤਮਾ ਸਰੀਰ ਨਹੀਂ, ਪ੍ਰਾਣ ਨਹੀਂ, ਮਨ ਨਹੀਂ, ਜੀਵ-ਆਤਮਾ ਨਹੀਂ ਅਰਥਾਤ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਹੈ। ਪਰ ਫਿਰ ਵੀ ਪ੍ਰਭੂ ਨੂੰ ਰਚਨਾ ਵਿਚ ਹੀ ਸੀਮਤ ਸਮਝ ਲੈਣ ਦੀ ਭੁੱਲ ਤੋਂ ਬਚਾਉਣ ਲਈ ਗੁਰੂ ਜੀ ਨੇ '੧' ਅੰਕ ਪਾ ਕੇ ਪੂਰੀ ਤਰ੍ਹਾਂ ਹੀ ਲਖਾ-ਬੁਝਾ ਦਿੱਤਾ ਹੈ ਕਿ ਨਿਰੰਕਾਰ ਜੀ ਦਾ ਆਪਾ, ਏਕੰਕਾਰ ਜੀ, ਸਾਰੀ ਸੂਖਮ ਤੇ ਸਥੂਲ ਰਚਨਾ ਤੋਂ ਪਰ੍ਹੇ ਵੀ ਹੈ।

ਪ੍ਰਭੂ-ਆਪਾ, ਆਤਮਾ ਆਪਣੇ ਬਣਾਏ ਸਭ ਜੀਵ-ਜੰਤਾਂ ਨੂੰ ਵੇਖਦਾ ਹੈ ਪਰ ਉਸ ਨੂੰ ਕੋਈ ਹੋਰ ਦੂਜਾ ਨਹੀਂ ਵੇਖ ਸਕਦਾ। ਉਹ ਦੀਸਣਹਾਰ ਨਹੀਂ ਵੇਖਣਹਾਰ ਹੈ। ਦੀਸਣਹਾਰ ਮਨ ਤੇ ਬੁੱਧੀ ਦੁਆਰਾ ਹੀ ਸਭ ਨੂੰ ਵੇਖਦੇ ਹਨ ਤੇ ਉਹ ਮਨ ਬੁੱਧੀ ਦੀ ਪਕੜ ਵਿਚ ਨਹੀਂ ਆਉਂਦਾ:-

**ਓਹੁ ਵੇਖੈ ਓਨਾ[1] ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ[2]॥**

(ਜਪੁਜੀ ਸਾਹਿਬ)

ਆਤਮਾ ਨੂੰ ਆਤਮਾ ਹੀ ਅਨੁਭਵ ਦੁਆਰਾ ਵੇਖ ਸਕਦਾ ਹੈ। ਮਨ, ਜੀਵ-ਆਤਮਾ ਰੂਪ ਤੋਂ ਉੱਚਾ ਉੱਠ ਕੇ ਜਦੋਂ ਉਨਮਨੀ ਹਾਲਤ ਵਿਚ ਜਾਂਦਾ ਹੈ ਤਦ ਆਤਮ-ਰੂਪ ਹੋ ਕੇ ਆਤਮਾ ਨੂੰ ਅਨੁਭਵ ਕਰਦਾ ਹੈ। ਅਸਲ ਚੇਤਨ ਹੈ ਹੀ ਆਤਮਾ।

੧. ਜੀਵਾਂ ਨੂੰ।
੨. ਅਸਚਰਜ ਗੱਲ।



ਇਹ ਆਤਮਾ ਹੀ ਰਚਨਾ ਤੋਂ ਪਹਿਲੀ ਅਨ੍ਹੇਰ-ਗੁਬਾਰ ਵਾਲੀ ਸੁੰਨ ਅਵਸਥਾ ਦਾ ਪਹਿਲਾ ਸਾਖੀ ਹੋਇਆ ਅਤੇ ਇਸੇ ਨੇ ਹੀ ਇਹ ਭੇਦ ਸਾਡੇ ਗੋਚਰ ਕੀਤਾ ਕਿ ਰਚਨਾ ਤੋਂ ਪਹਿਲੋਂ ਸੁੰਨ ਹੀ ਵਾਪਰੀ ਹੋਈ ਸੀ:-

**ਅਰਬਦ[1] ਨਰਬਦ[2] ਧੁੰਧੂਕਾਰਾ॥ [3]ਧਰਣਿ ਨ ਗਗਨਾ ਹੁਕਮੁ ਅਪਾਰਾ॥**
**ਨਾ ਦਿਨੁ ਰੈਨਿ[4] ਨ ਚੰਦੁ ਨ ਸੂਰਜੁ ਸੁੰਨ[5] ਸਮਾਧਿ ਲਗਾਇਦਾ॥੧॥...**

(ਮਾਰੂ ਮ: ੧-੧੦੩੫)

ਪ੍ਰਭੂ ਦਾ ਆਪਾ-ਭਾਵ ਜੀਵ ਦੇ ਸਰੀਰ ਵਾਲੇ ਆਪਾ-ਭਾਵ ਨਾਲੋਂ ਭਿੰਨ ਹੈ। ਜਿਥੇ ਜੀਵ ਦਾ ਆਪਾ ਹਉਮੈ ਆਸ਼੍ਰਿਤ ਹੋਣ ਕਰਕੇ ਅੰਤ ਵਾਲਾ ਹੈ, ਉਥੇ ਪ੍ਰਭੂ-ਆਪਾ ਅਮਰ ਹੈ। ਜੀਵ ਦਾ ਆਪਾ ਦੇਸ਼ ਤੇ ਕਾਲ ਦੇ ਵਸ ਵਿਚ ਹੈ, ਪ੍ਰਭੂ-ਆਪਾ ਦੇਸ਼ ਤੇ ਕਾਲ ਦੀ ਬੰਦਸ਼ ਵਿਚ ਨਹੀਂ। ਉਹ ਤਾਂ ਅਕਾਲ ਮੂਰਤਿ (ਹੋਂਦ) ਹੈ। ਅਸਲਾ ਸਭ ਜੀਵ-ਆਤਮਾ ਦਾ ਆਤਮਾ-ਪਰਮਾਤਮਾ ਵਾਲਾ ਹੀ ਹੈ। ਇਸੇ ਲਈ ਸਭ ਜੀਵ-ਆਤਮਾ ਜਾਂ ਮਨ ਸੁਭਾਵਕ ਹੀ ਆਤਮਾ-ਪਰਮਾਤਮਾ ਦੇ ਗੁਣਾਂ ਵਾਲਾ ਬਣਨਾ ਲੋਚਦੇ ਹਨ। ਸਭ ਚਾਹੁੰਦੇ ਹਨ ਕਿ ਸਦਾ ਜੀਉਂਦੇ ਰਹੀਏ; ਸਭ ਚਾਹੁੰਦੇ ਹਨ ਕਿ ਅਸੀਂ ਸਰਬ-ਸ਼ਕਤੀਮਾਨ ਤੇ ਸਰਬ-ਗਿਆਤਾ ਹੋ ਜਾਈਏ ਤਾਂ ਜੋ ਸਾਡੀ ਕੋਈ ਵੀ ਲੋੜ-ਥੋੜ ਨਾ ਰਹੇ ਭਾਵ ਜੋ ਚਾਹੀਏ ਹੋ ਜਾਵੇ ਅਤੇ ਅਸੀਂ ਸਭ ਦੇ ਜਾਣਨਹਾਰ ਹੋਈਏ। ਫਿਰ ਸਭ ਦੀ ਇੱਛਾ ਹੈ ਕਿ ਅਸੀਂ ਸੁੱਖ ਤੇ ਆਨੰਦ ਵਿਚ ਰਹੀਏ ਅਤੇ ਦੁੱਖ ਸਾਡੇ ਨੇੜੇ ਵੀ ਨਾ ਆਵੇ ਇਤਿਆਦਿ। ਇਹ ਤਦੇ ਹੀ ਹੋ ਸਕਦਾ ਹੈ ਜੇ ਜੀਵ ਜੀਵ-ਕੋਟੀ ਤੋਂ ਉੱਠ ਕੇ ਆਤਮ-ਕੋਟੀ ਵਿਚ ਜਾ ਪ੍ਰਵੇਸ਼ ਕਰਨ। ਜੋ ਵੀ ਪ੍ਰਭੂ-ਹੋਂਦ, ਆਤਮਾ ਵਿਚ ਸਮਾਏਗਾ, ਉਹ ਪ੍ਰਭੂ-ਆਪੇ ਆਤਮਾ-ਪਰਮਾਤਮਾ ਵਿਚ ਰਲ ਜਾਏਗਾ ਅਤੇ ਉਕਤ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਿਚ ਸਫ਼ਲ ਹੋ ਜਾਵੇਗਾ। ਭਗਤ ਜਨ ਤਦੇ ਹੀ ਪ੍ਰਭੂ ਆਪੇ ਨਾਲ ਮਿਲਣ ਲਈ ਤੜਫਦੇ ਹਨ। ਪ੍ਰਭੂ-ਆਪੇ ਦਾ ਜਿਸ ਨੇ ਵੀ ਸੁਖ ਮਾਣਿਆ ਹੈ, ਉਹ ਫਿਰ ਵਿਚੇ ਹੀ ਗੜੂੰਦ ਹੋ ਗਿਆ, ਉਸ ਨੇ ਫਿਰ ਭੌਰੇ ਵਾਂਗ ਬ੍ਰਹਮ-ਕਮਲ ਵਿਚੋਂ ਬਾਹਰ ਨਿਕਲਣ ਦੀ ਨਹੀਂ ਸੋਚੀ। ਇਸ ਕਮਲ ਵਿਚ ਕੋਈ ਅਜਿਹਾ ਰਸ ਤੇ ਸੁਆਦ ਹੈ ਜਿਸ ਦੇ ਚੀਨਣ ਨਾਲ ਮਾਇਆ ਦੇ ਅਨਰਸ ਸਭ ਵਿਸਰ ਜਾਂਦੇ ਹਨ; ਰਸ ਵਿਚ ਰਸ-ਰੂਪ ਹੋ ਕੇ ਬਸ ਰਸ ਜੋਗਾ ਹੀ ਰਹਿ ਜਾਂਦਾ ਹੈ। ਇਹ ਆਤਮ-ਰਸ ਅਮਰ ਕਰਨ ਵਾਲਾ ਰਸ ਹੈ। ਇਹ ਰਸ ਜੀਵ ਨੂੰ ਗੁਰੂ-ਰੂਪ ਤੇ ਰੱਬ-ਰੂਪ ਬਣਾਉਂਦਾ ਹੈ। ਹਾਂ, ਜੀ, ਇਸੇ ਰਸ ਸਦਕੇ ਖਾਲਸਾ ਖਾਲਸਾ ਹੈ:-

**ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥**

(ਸਰਬਲੋਹ ਗ੍ਰੰਥ; ਪਾ. ੧੦)

੧. ਕਈ ਅਰਬ।
੨. (ਨ-ਅਰਬਦ) ਅਰਬਾਂ ਤੋਂ ਪਰ੍ਹੇ।
੩. ਉਦੋਂ ਨਾ ਧਰਤੀ ਸੀ ਤੇ ਨਾ ਆਕਾਸ਼।
੪. ਰਾਤ।
੫. ਅਫੁਰ ਸਮਾਧੀ।

ਆਤਮ ਰਸ, ਨਾਮ-ਅੰਮ੍ਰਿਤ ਹੈ, ਨਾਮ (ਪ੍ਰਕਾਸ਼) ਦੇ ਅੰਦਰ ਹਿਰਦੇ ਵਿਚ ਟਿਕ ਜਾਣ ਨਾਲ ਪ੍ਰਭੂ-ਆਪਾ, ਆਤਮਾ ਪ੍ਰਗਟ ਹੋ ਆਉਂਦਾ ਹੈ ਜਿਸ ਵਿਚ ਜੀਵਾਤਮਾ ਪ੍ਰਭੂ-ਰੂਪ ਹੋ ਕੇ ਸਦਾ ਲਈ ਟਿਕ ਜਾਂਦਾ ਹੈ।

## (੨)
## ਆਤਮਾ ਦਾ ਪ੍ਰਤਾਪ

ਇਸ ਵਿਚ ਕੋਈ ਸ਼ੱਕ ਨਹੀਂ ਕਿ ਆਤਮਾ ਹੀ ਸਭ ਪਾਸੇ ਪਸਰਿਆ ਹੋਇਆ ਹੈ ਅਤੇ ਇਹ ਪਸਾਰਾ ਇਸੇ ਦਾ ਹੀ ਕੀਤਾ ਹੋਇਆ ਹੈ। ਮਾਇਆ (ਅਵਿਦਿਆ) ਦੀ ਸਿਰਜਣਾ ਵੀ ਇਸੇ ਨੇ ਹੀ ਕੀਤੀ ਹੈ। ਇਕਨਾਂ ਨੂੰ ਵਧੇਰੇ ਅਵਿਦਿਆ ਪਾ ਕੇ ਜੜ੍ਹ (ਪ੍ਰਕਿਰਤੀ) ਬਣਾ ਦਿੱਤਾ ਅਤੇ ਇਕਨਾਂ ਨੂੰ ਘੱਟ ਅਵਿਦਿਆ (ਅਗਿਆਨ) ਪਾ ਕੇ ਚੇਤਨ (ਜੀਵਾਤਮਾ, ਮਨ ਆਦਿ) ਬਣਾ ਦਿੱਤਾ। ਜੋ ਜੜ੍ਹ ਪਦਾਰਥ ਹਨ, ਉਨ੍ਹਾਂ ਵਿਚ ਵੀ ਜਾਨ ਹੈ, ਜੀਵਨ ਹੈ ਅਰਥਾਤ ਆਤਮਾ ਹੈ। ਫਿਰ ਜੀਵਾਂ ਨੂੰ ਉਨਤੀ ਦਾ ਮਾਰਗ ਦੇ ਕੇ ਜੀਵ-ਆਤਮਾ ਨੂੰ ਪਰਮਾਤਮਾ ਨਾਲ ਮੇਲ ਲਿਆ। ਪਰਮਾਤਮਾ ਦਾ ਆਪਣਾ ਆਤਮ-ਰੂਪ (ਏਕੰਕਾਰ) ਹੋ ਕੇ ਵਿਚਰਨਾ ਇਕ ਅਚੰਭੇ ਵਾਲੀ ਗੱਲ ਹੈ ਅਤੇ ਫਿਰ ਓਅੰਕਾਰ ਹੋ ਕੇ ਆਤਮਾ ਦੇ ਪਸਾਰੇ ਦਾ ਖਿਲਾਰ ਖਿਲਾਰਨਾ ਇਕ ਹੋਰ ਚਕ੍ਰਿਤ ਕਰਨ ਵਾਲਾ ਕ੍ਰਿਸ਼ਮਾ ਹੈ। ਇਹ ਸਭ ਕੁਝ ਤਦ ਹੀ ਸੰਭਵ ਹੋਇਆ ਜੇ ਪ੍ਰਭੂ ਜੀ ਵਿਆਪਕ ਹੋ ਕੇ ਘਟ-ਘਟ ਵਿਚ ਆਤਮ ਰੂਪ ਹੋ ਕੇ ਬੈਠੇ। ਜੇ ਆਤਮ-ਰੂਪ ਨਾ ਹੁੰਦੇ ਤਦ ਜਗਤ ਦਾ ਨਕਸ਼ਾ ਹੋਰਵੇਂ ਹੁੰਦਾ। ਸਾਰੇ ਹੀ ਜੀਵ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਤੇ ਪ੍ਰਭੂ ਦਾ ਮੇਲ ਕਿਸੇ ਨੂੰ ਵੀ ਪ੍ਰਾਪਤ ਨਾ ਹੁੰਦਾ। ਆਤਮਾ ਮਾਨੋ ਉਹ ਪੁਲ ਹੈ ਜਿਸ ਰਾਹੀਂ ਜੀਵ ਦਾ ਸੰਸਾਰ ਸਾਗਰ ਤੋਂ ਪਾਰ ਹੋ ਕੇ ਪਰਮਾਤਮਾ ਨਾਲ ਮੇਲ ਹੁੰਦਾ ਹੈ। ਆਤਮਾ ਦਾ ਜੀਵ ਨੂੰ ਲਗਾਤਾਰ ਤੇ ਇਕ ਰਸ ਅਗਵਾਈ ਦੇਣਾ ਉਸ ਦੀ ਕਲਿਆਣ ਦਾ ਕਾਰਨ ਹੈ। ਪ੍ਰਭੂ ਜੀ ਦਾ ਆਤਮ-ਰੂਪ ਹੋ ਕੇ ਇੰਨਾ ਨੇੜੇ ਹੋ ਜਾਣਾ ਅਤਿ ਦੀ ਸੁਖਦਾਈ ਗੱਲ ਹੈ। ਹਿਰਦੇ ਵਿਚ ਪ੍ਰਭੂ ਦੇ ਵਸ ਜਾਣ ਦੇ ਕਾਰਨ ਜੀਵ ਦਾ ਪ੍ਰਭੂ-ਰੂਪ ਹੋਣਾ ਸੰਭਵ ਹੋਇਆ ਹੈ ਤੇ ਇਸ ਤਰ੍ਹਾਂ ਉਸ ਦੇ ਸਾਰੇ ਗੁਣ ਆਪਣੇ ਅੰਦਰ ਆ ਜਾਣ ਨਾਲ ਸਭ ਸੁਖ ਬਣ ਆਉਂਦੇ ਹਨ; ਚਿਹਰਿਆਂ 'ਤੇ ਟਹਿਕ-ਮਹਿਕ ਆ ਜਾਂਦੀ ਹੈ। ਆਤਮਾ ਰੂਪ ਇਕੋ ਸੂਤ ਵਿਚ ਭਿੰਨ-ਭਿੰਨ ਜੀਵ ਰੂਪ ਮਣਕੇ ਪਰੋਏ ਜਾਣ ਕਾਰਨ ਸਭ ਮਣਕੇ ਭਾਈ-ਭਾਈ ਹੋ ਗਏ ਹਨ। ਇਹ ਏਕਤਾ ਇਸ ਦੀ ਅਣਹੋਂਦ ਵਿਚ ਪ੍ਰਾਪਤ ਨਹੀਂ ਸੀ ਹੋਣੀ। ਦਸਮ ਪਿਤਾ ਜੀ ਨੇ ਅਕਾਲ ਉਸਤਤਿ ਵਿਚ ਦੋ ਤੁਕਾਂ ਵਿਚ ਹੀ ਆਤਮਾ ਦੇ ਪ੍ਰਤਾਪ ਦਾ ਬੜਾ ਸੁੰਦਰ ਨਕਸ਼ਾ ਬੰਨ੍ਹਿਆ ਹੈ:-

**ਤ੍ਵ ਪ੍ਰਸਾਦਿ ॥ ਦੋਹਰਾ ॥**
**ਏਕ ਸਮੇ ਸ੍ਰੀ ਆਤਮਾ ਉਚਰਿਓ ਮਤਿ[1] ਸੋ ਬੈਨ[2] ॥**

੧. ਬੁੱਧੀ। ੨. ਬਚਨ।



**ਸਭ ਪ੍ਰਤਾਪ ਜਗਦੀਸ਼[1] ਕੋ ਕਹੋ ਸਕਲ[2] ਬਿਧ ਤੈਨ[3] ॥੨੦੧॥**

(ਦਸਮ ਗ੍ਰੰਥ-੭੧)

ਅਰਥਾਤ ਇਕ ਵਾਰ ਸ੍ਰੀ ਆਤਮਾ ਜੀ ਨੇ ਬੁੱਧੀ ਨੂੰ ਇਸ ਤਰ੍ਹਾਂ ਦਾ ਬਚਨ ਕਿਹਾ ਕਿ ਜੋ ਸਾਰੇ ਜਗਤ ਦਾ ਮਾਲਕ ਹੈ, ਉਸ ਦਾ ਸਾਰਾ ਪ੍ਰਤਾਪ ਮੈਨੂੰ ਦੱਸ। ਅੱਗੋਂ ਬੁੱਧੀ ਨੇ ਜਵਾਬ ਦਿੱਤਾ ਕਿ ਤੂੰ ਹੀ ਸਭ ਤਰ੍ਹਾਂ ਨਾਲ ਉਸ ਦਾ ਪ੍ਰਤਾਪ ਹੈਂ, ਭਾਵ ਤੂੰ ਹੀ ਉਸ ਦੇ ਪ੍ਰਤਾਪ ਦਾ ਕਾਰਨ ਹੈਂ। ਤੇਰੇ ਰਾਹੀਂ ਹੀ ਉਹ ਪ੍ਰਗਟ ਹੋ ਰਿਹਾ ਹੈ। ਤੇਰੇ ਵਿਚ ਤੇ ਉਸ ਦੇ ਵਿਚ ਕੋਈ ਫ਼ਰਕ ਨਹੀਂ ਹੈ। ਤੂੰ ਹੀ ਉਸ ਦਾ ਆਪਾ ਹੈਂ।

## (੩)
## ਹੋਰ ਗੁਣ

ਦਸਮ ਪਿਤਾ ਜੀ ਫ਼ੁਰਮਾਉਂਦੇ ਹਨ ਕਿ ਉਹ ਵਾਹਿਗੁਰੂ ਸਭ ਤੋਂ ਉੱਚੀ ਆਤਮਾ ਵਾਲਾ ਹੈ। ਉਹ ਸਾਰਿਆਂ ਦੀ ਆਤਮਾ ਆਪ ਹੈ ਅਤੇ ਉਹ ਆਪਣੀ ਆਤਮਾ ਅਰਥਾਤ ਆਪਣੇ ਆਪ ਦੇ ਹੀ ਵੱਸ ਵਿਚ ਹੈ। ਜਿਹੋ ਜਿਹਾ ਉਹ ਹੈ ਉਹੋ ਜਿਹਾ ਕੇਵਲ ਉਹੋ ਹੀ ਹੈ:-

**ਪਰਮਾਤਮ ਹੈਂ ॥ ਸਰਬਾਤਮ ਹੈਂ ॥ ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥**

(ਜਾਪੁ ਸਾਹਿਬ ਪਾ: ੧੦)

ਆਤਮਾ ਦੀ ਹੋਂਦ ਨਿਰੰਕਾਰ ਦੀ ਆਪਣੀ ਮਿਹਰ ਦਾ ਸਦਕਾ ਹੈ। ਇਹ ਕਿਸੇ ਗਰਭ-ਜੂਨੀ ਵਿਚ ਦੀ ਹੋ ਕੇ ਨਹੀਂ ਆਇਆ, ਇਉਂ ਇਸ ਦਾ ਕੋਈ ਮਾਤਾ-ਪਿਤਾ ਵੀ ਨਹੀਂ। ਇਸ ਦੀ ਹੋਂਦ ਸਦੈਵ ਤੋਂ ਹੈ ਤੇ ਇਹ ਪਰੇ ਤੋਂ ਪਰੇ ਹੈ:-

**ਨਾ ਇਸੁ ਬਾਪੁ ਨਹੀ ਇਸੁ ਮਾਇਆ[4] ॥**
**ਇਹੁ ਅਪਰੰਪਰੁ[5] ਹੋਤਾ ਆਇਆ ॥**

(ਗੋਂਡ ਮ: ੫-੮੬੮)

ਆਤਮਾ ਦਾ ਚੇਤਨ-ਸਰੂਪ ਹੁੰਦੇ ਹੋਏ ਵੀ ਲਿੰਗ ਕੋਈ ਨਹੀਂ ਹੈ। ਇਹ ਨਾ ਇਸਤ੍ਰੀ ਹੈ ਨਾ ਪੁਰਖ ਹੈ ਅਤੇ ਨਾ ਹੀ ਇਸ ਦਾ ਨਿਪੁੰਸਕ ਲਿੰਗ ਹੈ:-

**[6]ਨਗਰੀ ਨਾਇਕੁ[7] ਨਵਤਨੋ [8]ਬਾਲਕੁ [9]ਲੀਲ [10]ਅਨੂਪੁ ॥**
**ਨਾਰਿ ਨ ਪੁਰਖੁ [11]ਨ ਪੰਖਣੂ ਸਾਚਉ ਚਤੁਰੁ ਸਰੂਪੁ ॥**

(ਮਾਰੂ ਮ: ੧-੧੦੧੦)

੧. ਜਗਤ ਦਾ ਮਾਲਕ।
੨. ਸਭ ਤਰ੍ਹਾਂ ਨਾਲ।
੩. ਤੂੰ ਹੀ।
੪. ਮਾਤਾ।
੫. ਪਰੇ ਤੋਂ ਪਰੇ, ਸੀਮਾ-ਰਹਿਤ।
੬. ਸਰੀਰ ਰੂਪੀ ਨਗਰੀ ਦਾ ਮਾਲਕ ਹੈ।
੭. ਨਵਾਂ।
੮. ਚੋਜ ਕਰਨ ਕਰਕੇ ਬਾਲਕ ਆਖਿਆ ਹੈ।
੯. ਚੋਜ।
੧੦. ਉਪਮਾ ਰਹਿਤ, ਸੁੰਦਰ।
੧੧. ਨਿਪੁੰਸਕ ਲਿੰਗ।

ਇਹ ਸਰੀਰਧਾਰੀ ਨਾ ਹੋਣ ਕਰਕੇ ਵੱਧਦਾ ਘੱਟਦਾ ਨਹੀਂ, ਸਦਾ ਇਕਸਾਰ ਰਹਿੰਦਾ ਹੈ। ਇਹ ਹਰ ਸਮੇਂ ਉਨਮੁਨ ਹਾਲਤ ਵਿਚ ਅਰਥਾਤ ਤਿਨ੍ਹਾਂ ਗੁਣਾਂ ਦੀ ਮਾਇਆ ਤੋਂ ਉੱਤੇ ਤੁਰੀਆ ਪਦ ਵਿਚ ਖੇਡਦਾ ਹੈ, ਇਸੇ ਕਰਕੇ ਇਸ ਦੀ ਸਮਾਨ ਬਿਰਤੀ ਹੈ ਤੇ ਇਸ ਦੀ ਆਪਣੀ ਕੋਈ ਇੱਛਾ ਨਹੀਂ। ਇਸ ਨੂੰ ਨਾ ਦੁੱਖ ਹੈ ਨਾ ਸੁੱਖ ਹੈ, ਨਾ ਹਰਖ ਹੈ, ਨਾ ਸੋਗ ਹੈ, ਨਾ ਊਂਘ ਹੈ ਨਾ ਭੁੱਖ ਹੈ। ਫਿਰ ਨਾ ਇਸ ਦਾ ਕੋਈ ਦੁਸ਼ਮਣ ਹੈ ਤੇ ਨਾ ਹੀ ਕੋਈ ਮਿੱਤਰ ਹੈ:-

**ਨਾ ਇਹੁ ਬੂਢਾ ਨਾ ਇਹੁ ਬਾਲਾ ॥**
**ਨਾ ਇਸੁ ਦੂਖੁ ਨਹੀ ਜਮ ਜਾਲਾ ॥**
**ਨਾ ਇਹੁ ਬਿਨਸੈ ਨਾ ਇਹੁ ਜਾਇ ॥**
**ਆਦਿ ਜੁਗਾਦੀ ਰਹਿਆ ਸਮਾਇ ॥੧॥**
**ਨਾ ਇਸੁ ਉਸਨੁ[1] ਨਹੀ ਇਸੁ ਸੀਤੁ[2] ॥**
**ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥**
**ਨਾ ਇਸੁ ਹਰਖੁ[3] ਨਹੀ ਇਸੁ ਸੋਗੁ ॥**
**ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥**

(ਗੋਂਡ ਮ: ੫-੮੬੮)

ਆਤਮਾ ਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਭਾਵ ਇਨ੍ਹਾਂ ਦੋਹਾਂ ਵਿਚਕਾਰ ਕੋਈ ਦੂਈ ਤੇ ਅਗਿਆਨਤਾ ਨਹੀਂ ਹੈ:-

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ[4] ਪਾਰਬ੍ਰਹਮ ਕਾ ਰੂਪੁ ॥**

(ਗੋਂਡ ਮ: ੫-੮੬੮)

ਪਰ ਆਤਮਾ ਵਿਚ ਸਮਾਈ ਹੋਣ ਤੋਂ ਬਾਅਦ ਹੀ ਪਰਮਾਤਮਾ ਵਿਚ ਸਮਾਈ ਹੁੰਦੀ ਹੈ ਭਾਵੇਂ ਅੰਮ੍ਰਿਤ ਰੂਪੀ ਬਿਰਖ ਇਕੋ ਹੀ ਹੈ:-

**ਜਿਨੀ ਆਤਮੁ ਚੀਨਿਆ[5] ਪਰਮਾਤਮੁ ਸੋਈ ॥**
**ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥**

(ਆਸਾ ਮ: ੧-੪੨੧)

ਅਨਹਦ ਸ਼ਬਦ (ਅਨਹਤ ਨਾਮ-ਧੁਨੀ ਪ੍ਰਭੂ-ਹੋਂਦ) ਆਤਮਾ ਦਾ ਹੀ ਸ਼ਿੰਗਾਰ ਹੈ। ਇਹ ਨਾਮ-ਹੋਂਦ ਧੁਨੀ ਆਤਮਾ 'ਚ ਸਦਾ ਬੁਲੰਦ ਰਹਿੰਦੀ ਹੈ ਤੇ ਆਤਮ-ਪ੍ਰਵੇਸ਼ ਹੋਏ ਜੀਵ-ਆਤਮਾ ਨੂੰ ਲਾਲੋ ਲਾਲ ਰੱਖਦੀ ਹੈ। ਇਹੋ ਹੀ ਜੀਵ-ਆਤਮਾ ਦੇ ਸਤਿ-ਚਿਤ-ਆਨੰਦ ਵਾਲੇ ਅਸਲੀ ਆਤਮ-ਸਰੂਪ ਨੂੰ ਨਿਖਾਰਦੀ ਹੈ। ਇਹ ਰਸੀਏ ਨੂੰ ਰਸ-ਰੂਪ ਹੀ ਬਣਾ ਦਿੰਦੀ ਹੈ। ਇਹ ਨਾਮ-ਅੰਮ੍ਰਿਤ ਉਹ ਅਕਹਿ ਆਤਮ-ਰਸ ਹੈ ਜਿਸ ਨਾਲ ਅਜਿਹੀ ਪ੍ਰੀਤ ਪੈ ਜਾਂਦੀ ਹੈ ਜੋ ਨਾ ਤੋੜੀ ਤੁਟਦੀ ਹੈ ਨਾ

---

੧. ਹੁਸੜ, ਗਰਮੀ।
੨. ਠੰਢ।
੩. ਖੁਸ਼ੀ।
੪. ਆਤਮਾ।
੫. ਪਛਾਣਿਆ।



ਛੋੜੀ ਛੁਟਦੀ ਹੈ। ਇਹ ਉਹ ਕਰਾਮਾਤ ਹੈ ਜੋ ਜੀਵ-ਆਤਮਾ ਨੂੰ ਆਤਮਾ ਤੇ ਪਰਮਾਤਮਾ ਬਣਾਉਂਦੀ ਹੈ :-

**[1]ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥**
**[2]ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥੨॥**
**[3]ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥**
**[4]ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥**

(ਰਾਗ ਸੋਰਠਿ, ਨਾਮਦੇਵ ਜੀ-੬੫੭)

ਸਾਰਾ ਹੀ ਦਸਵਾਂ ਦੁਆਰ ਆਤਮਾ ਹੈ, ਕਿਉਂ ਜੋ ਇਸ ਵਿਚ ਬਾਕੀ ਦੇ ਨੌਂ ਸਰੀਰਕ ਦੁਆਰੇ ਤਾਂ ਹੁੰਦੇ ਹੀ ਨਹੀਂ। ਇਥੇ ਪਹੁੰਚ ਕੇ ਜੀਵ-ਆਤਮਾ ਸਹਜ-ਪਦ ਵਿਚ ਪ੍ਰਵੇਸ਼ ਕਰਦਾ ਤੇ ਅਡੋਲ ਆਤਮਾ-ਰੂਪ ਹੋ ਕੇ ਵਿਚਰਦਾ ਹੈ:-

**ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥**
**ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥**

(ਮਾਰੂ ਸੋਲਹੇ ਮ: ੪-੧੦੬੯)

ਆਤਮਾ ਨੂੰ ਮਾਇਆ ਨਹੀਂ ਵਿਆਪਦੀ ਕਿਉਂ ਜੋ ਇਹ ਦਸਵੇਂ ਦੁਆਰ ਰਹਿੰਦਾ ਹੈ ਜਿਥੇ ਕਿ ਮਾਇਆ ਵਾਲੇ ਨੌਂ ਦਰਵਾਜ਼ੇ ਹੁੰਦੇ ਹੀ ਨਹੀਂ। ਇਸ ਤਰ੍ਹਾਂ ਇਹ ਮਾਇਆ ਦੀ ਗੂੜ੍ਹੀ ਨੀਂਦਰ ਤੋਂ ਸਦਾ ਜਾਗਦਾ ਹੁੰਦਾ ਹੈ। ਸਗੋਂ ਮਾਇਆ ਤਾਂ ਇਸ ਦੀ ਆਪਣੀ ਬਣਾਈ ਹੋਈ ਛਾਇਆ ਹੈ। ਰਚਨਾ ਵਿਚਲਾ ਸਭ ਕੁਝ ਇਸ ਦਾ ਹੈ ਅਤੇ ਇਹ ਸਭ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ:-

**ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥**

(ਗੋਂਡ ਮ: ੫-੮੬੮)

ooo

---

੧. ਜਿਥੇ ਝਿਰਮਲ ਝਿਰਮਲ ਕਰਦਾ ਪ੍ਰਕਾਸ਼ ਦਿਸਦਾ ਹੈ, ਉਥੇ ਹੀ ਅਨਹਦ ਧੁਨੀ ਵੱਜਦੀ ਹੈ।
੨. ਉਥੇ (ਅੰਤਰ-ਆਤਮੇ) ਪ੍ਰਕਾਸ਼-ਰੂਪ ਹਰੀ ਦੀ ਜੋਤ ਵਿਚ ਸਾਡੀ ਜੀਵ-ਆਤਮਾ ਦੀ ਜੋਤਿ ਸਮਾ ਜਾਂਦੀ ਹੈ ਅਰਥਾਤ ਲਿਵਲੀਨ ਹੋ ਜਾਂਦੀ ਹੈ। ਮੈਂ ਗੁਰੂ ਦੀ ਕ੍ਰਿਪਾ ਨਾਲ ਇਉਂ ਅਨੁਭਵ ਕੀਤਾ ਹੈ।
੩. ਇਹ ਰਤਨ ਹਿਰਦੇ-ਕਮਲ ਭਾਵ ਮਨ ਵਿਚ ਅਰਥਾਤ ਸੁਰਤ ਵਿਚ ਹੈ। (ਇਸੇ ਕਰਕੇ ਹਿਰਦੇ ਨੂੰ ਰਤਨ-ਕੋਠੜੀ ਕਿਹਾ ਹੈ) ਉਥੇ ਹੀ ਪ੍ਰਕਾਸ਼ ਲਿਸ਼ਕਾਰੇ ਮਾਰਦਾ ਹੈ।
੪. ਇਹ ਨੇੜੇ ਹੀ ਹੈ ਦੂਰ ਨਹੀਂ, ਸਾਡੇ ਆਪਣੇ ਆਤਮਾ ਵਿਚ ਹੀ ਪੂਰਿਆ ਹੋਇਆ ਹੈ।

**ਚੌਥਾ ਕਾਂਡ**

## ਆਤਮ-ਵਿਸਥਾਰ

ਸਾਰੀ ਸੂਖਮ ਤੇ ਸਥੂਲ ਰਚਨਾ ਪ੍ਰਭੂ-ਆਪੇ (ਆਤਮਾ) ਦਾ ਹੀ ਵਿਸਥਾਰ ਹੈ। ਜਿਵੇਂ ਇਕੋ ਵੇਲ ਨਾਲ ਕਈ ਫੁੱਲ-ਫਲ ਲੱਗੇ ਹੁੰਦੇ ਹਨ ਤਿਵੇਂ ਹੀ ਆਤਮਾ ਦੇ ਨਾਲ ਜੀਵ-ਆਤਮਾ, ਮਨ, ਸਮੁੱਚੀ ਪ੍ਰਕਿਰਤੀ ਆਦਿ ਲੱਗੇ ਹੋਏ ਹਨ। ਇਨ੍ਹਾਂ ਸਾਰਿਆਂ ਦਾ ਅਸਲਾ ਆਤਮਾ ਵਾਲਾ, ਜੋਤਿ-ਸਰੂਪ ਹੀ ਹੈ ਅਤੇ ਇਨ੍ਹਾਂ ਨੂੰ ਆਤਮਾ ਤੋਂ ਲਗਾਤਾਰ ਤੇ ਇਕ ਰਸ ਜੀਵਨ ਮਿਲ ਰਿਹਾ ਹੈ। ਇਸ ਤਰ੍ਹਾਂ ਇਹ ਇਕ ਦੂਜੇ ਤੋਂ ਭਿੰਨ ਨਹੀਂ ਹਨ, ਅੰਤਮ ਰੂਪ ਵਿਚ ਇਕੋ ਹੀ ਹਨ। ਇਨ੍ਹਾਂ ਵਿਚ ਜੋ ਭਿੰਨਤਾ ਦਿੱਸਦੀ ਵੀ ਹੈ, ਉਸ ਨੂੰ ਅਸੀਂ ਦੂਰ ਕਰਨਾ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਮਨ ਨੂੰ ਜੀਵ-ਆਤਮਾ ਵਿਚ ਟਿਕਾ ਕੇ ਜੀਵ-ਆਤਮਾ (ਸਹਿਤ ਮਨ) ਨੂੰ ਆਤਮਾ ਵਿਚ ਲੀਨ ਕਰੀਏ; ਅਤੇ ਆਤਮਾ ਰਾਹੀਂ ਪ੍ਰਕਿਰਤੀ ਵਿਚ ਆਪਣਾ ਆਪਾ ਅਨੁਭਵ ਕਰ ਕੇ ਆਤਮਾ ਪਰਮਾਤਮਾ ਇਕ ਕਰੀਏ। ਇਸ ਤਰ੍ਹਾਂ ਕਰਨ ਨਾਲ ਅਸੀਂ *'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ'* ਦੀ ਪਰਗਟ ਸਚਾਈ ਦਾ ਰਸ ਮਾਣ ਸਕਾਂਗੇ।

### (ੳ) ਜੀਵ-ਆਤਮਾ

ਜੀਵ-ਆਤਮਾ ਦਾ ਸਰੂਪ ਆਤਮਾ ਵਾਲਾ ਭਾਵ ਪ੍ਰਕਾਸ਼-ਰੂਪ ਹੀ ਹੈ। ਜਿਵੇਂ ਆਤਮਾ ਦਾ ਆਪਾ-ਭਾਵ ਅਰਥਾਤ ਪ੍ਰਭੂ-ਆਪਾ ਹੁੰਦਾ ਹੈ ਇਸੇ ਤਰ੍ਹਾਂ ਜੀਵ ਦਾ ਵੀ ਆਪਾ-ਭਾਵ ਹੈ। ਇਹ ਆਪਾ-ਭਾਵ ਜੀਵਤ-ਭਾਵ ਦਾ ਹੀ ਨਾਂ ਹੈ। ਇਸ ਤੋਂ ਸਾਨੂੰ ਇਸ ਦੀ ਚੇਤਨ ਹੋਂਦ ਦਾ ਪਤਾ ਲੱਗਦਾ ਹੈ। ਇਸ ਦਾ ਆਕਾਰ ਅਤਿ ਹੀ ਨਿੱਕਾ ਹੈ। ਹਿੰਦੂ ਸ਼ਾਸਤ੍ਰਾਂ ਅਤੇ ਗ੍ਰੰਥਾਂ ਵਿਚ ਸਮਝਾਉਣ ਲਈ ਇਸ ਨੂੰ ਸਿਰ ਦੇ ਵਾਲ ਦੇ ਸਿਰੇ ਦੇ ਇਕ ਹਜ਼ਾਰਵੇਂ ਹਿੱਸੇ ਨਾਲੋਂ ਵੀ ਛੋਟਾ ਲਿਖਿਆ ਹੋਇਆ ਹੈ। ਪਰ ਜਿਵੇਂ ਕਿ ਪਰਮਾਣੂ (Atom) ਦੀ ਸ਼ਕਤੀ ਤੋਂ ਸਿੱਧ ਹੈ, ਜਿੰਨਾ ਕੋਈ ਨਿੱਕਾ ਹੁੰਦਾ ਹੈ, ਉਨਾ ਹੀ ਉਹ ਵਧੇਰੇ ਤਾਕਤਵਰ ਹੁੰਦਾ ਹੈ। ਜੀਵ-ਆਤਮਾ ਦੀ ਤਾਕਤ ਇੰਨੀ ਵਧੇਰੇ ਹੈ ਕਿ ਇਸ ਦਾ ਅੰਦਾਜ਼ਾ ਲਾਉਣਾ ਸੰਭਵ ਹੀ ਨਹੀਂ ਕਿਉਂ ਜੋ ਇਹ ਤਾਂ ਹੈ ਹੀ ਇਕ ਚੇਤਨ ਵਸਤੂ ਜੋ ਇਕ ਪਰਮਾਣੂ ਤੋਂ ਕਿਤੇ ਵੀ ਵਧੇਰੇ ਸੂਖਮ ਹੈ। ਇਹ ਪ੍ਰਭੂ-ਆਤਮਾ ਦੀ ਅੰਸ਼ ਹੈ। ਇਹ ਭਾਵੇਂ ਆਵਾ-ਗਾਉਣ ਦੇ ਚੱਕਰ ਵਿਚ ਤਾਂ ਪੈਂਦਾ ਹੈ ਪਰ ਇਹ ਮਰਦਾ ਨਹੀਂ:-

**ਮਰਣਹਾਰੁ ਇਹੁ ਜੀਅਰਾ ਨਾਹੀ ॥**

(ਗਉੜੀ ਮ: ੫-੧੮੮)



ਜਗਤ ਉਤਪਤੀ ਸਮੇਂ ਵਾਹਿਗੁਰੂ ਜੀ ਨੇ ਇਸ ਨੂੰ ਆਪਣੇ ਆਤਮਾ ਤੋਂ ਸੂਰਜ-ਕਿਰਣ ਵਿਸਥਾਰ ਵਾਂਗ ਉਤਪੰਨ ਕੀਤਾ ਤੇ ਮਨ ਦੇ ਨਾਲ ਜੋੜ ਕੇ ਸਰੀਰ ਵਿਚ ਭੇਜ ਦਿੱਤਾ। ਮਨ ਵਿਚ ਪ੍ਰਭੂ ਨੇ ਅਵਿਦਿਆ ਪਾ ਦਿੱਤੀ ਜਿਸ ਕਰਕੇ ਇਸ 'ਤੇ ਵੀ ਪਰਦਾ ਪੈ ਗਿਆ। ਮਨ ਨੇ ਦੀਸਣਹਾਰ ਨੂੰ ਸੱਚਾ ਮੰਨ ਕੇ ਇਸ ਨਾਲ ਮੋਹ ਪਾ ਲਿਆ ਤੇ ਇਸ ਤਰ੍ਹਾਂ ਹਉਮੈ ਵਿਚ ਵਿਚਰਨ ਲੱਗਾ। ਆਪਣੇ ਮਨ ਦਾ ਇਹ ਮੋਹ ਪੂਰਾ ਕਰਨ ਲਈ ਜੀਵਾਤਮਾ ਮੁੜ-ਮੁੜ ਸੰਸਾਰ ਵਿਚ ਸਰੀਰ ਧਾਰਦਾ ਹੈ। ਮਨ ਦੀ ਹਉਮੈ, ਵੱਖਰੇ ਹੋਣ ਦਾ ਅਹਿਸਾਸ, ਮੁਕਣ ਨਾਲ ਹੀ ਜੀਵ-ਆਤਮਾ ਦਾ ਇਹ ਆਵਾਗਾਉਣ ਦਾ ਚੱਕਰ ਮੁਕ ਸਕਦਾ ਹੈ ਪਰ ਮਨ ਨੂੰ ਹਉਮੈ ਦਾ ਵੀ ਚਸਕਾ ਪੈ ਗਿਆ ਹੈ ਤੇ ਇਸ ਫੋਕੇ ਸੁਆਦ ਕਾਰਨ ਉਹ ਆਪਣੇ ਆਪ ਵਿਚ ਇੰਨਾ ਗਲਤਾਨ ਰਹਿੰਦਾ ਹੈ ਕਿ ਉਸ ਨੂੰ ਅਸਲੀ ਕਾਰਨ, ਪ੍ਰਭੂ ਤੇ ਉਸ ਵਲੋਂ ਪਾਈ ਅਵਿਦਿਆ ਦੀ ਸੋਝੀ ਹੀ ਨਹੀਂ ਪੈਂਦੀ:-

**[1]ਓਅੰਕਾਰਿ ਅਕਾਰੁ ਕਰਿ ਮਖੀ ਇਕ ਉਪਾਈ ਮਾਇਆ ॥**
**ਤਿਨਿ ਲੋਅ ਚਉਦਹ ਭਵਣੁ ਜਲ ਥਲੁ ਮਹੀਅਲੁ ਛਲੁ ਕਰਿ ਛਾਇਆ ॥**
**ਬ੍ਰਹਮਾ ਬਿਸਨ ਮਹੇਸ਼ ਤ੍ਰੈ ਦਸ ਅਵਤਾਰ ਬਜਾਰਿ ਨਚਾਇਆ ॥**
**ਜਤੀ ਸਤੀ ਸੰਤੋਖੀਆ ਸਿਧ ਨਾਥ ਬਹੁ ਪੰਥ ਭਵਾਇਆ ॥**
**ਕਾਮ ਕਰੋਧ ਵਿਰੋਧ ਵਿਚਿ ਲੋਭੁ ਮੋਹੁ ਕਰਿ ਧ੍ਰੋਹੁ ਲੜਾਇਆ ॥**
**ਹਉਮੈ ਅੰਦਰਿ ਸਭੁ ਕੋ ਸੇਰਹੁ ਘਟਿ ਨ ਕਿਨੈ ਅਖਾਇਆ ॥**
**ਕਾਰਣੁ ਕਰਤੇ ਆਪੁ ਲੁਕਾਇਆ ॥੧੧॥**

(ਭਾਈ ਗੁਰਦਾਸ ਜੀ, ਵਾਰ ੧੮, ਪਉੜੀ ੧੧)

ਪ੍ਰਭੂ ਨੇ ਸ੍ਰਿਸ਼ਟੀ ਰਚਨ ਸਮੇਂ ਜਿਸ ਗਿਣਤੀ ਵਿਚ ਜੀਅ-ਜੰਤ ਅਰਥਾਤ ਜੀਵ-ਆਤਮਾ ਪੈਦਾ ਕੀਤੇ ਉਹ ਬੇਅੰਤ ਤੇ ਬੇਸ਼ੁਮਾਰ ਸੀ :-

**ਲਖ ਚਉਰਾਸੀਹ ਜੋਨਿ ਖੇਲੁ ਰਚਾਇਆ ॥**
**ਜੋਨਿ ਜੋਨਿ ਜੀਅ ਜੰਤ ਅੰਤੁ ਨ ਪਾਇਆ ॥**

(ਭਾਈ ਗੁਰਦਾਸ ਜੀ, ਵਾਰ ੨੨, ਪਉੜੀ ੯)

---

੧. ਓਅੰਕਾਰ ਪਰਮਾਤਮਾ ਨੇ ਮਨ ਵਿਚ ਫੁਰਨਾ ਕਰਕੇ ਯਾ ਰੂਪ ਬਣਾ ਕੇ ਇਕ ਮਾਇਆ ਪੈਦਾ ਕੀਤੀ ਜੋ ਮੱਖੀ ਵਾਂਙ ਅਨ-ਸਥਿਰ ਚੰਚਲ ਹੈ ਤੇ ਦੁਰਗੰਧ ਵਿਚ ਵਾਸਾ ਰੱਖਦੀ ਹੈ ਭਾਵ (ਜਿਥੇ ਵਿਸ਼ੇ ਵਿਕਾਰ ਹੋਣ ਉਥੇ ਮਾਇਆ ਦਾ ਪ੍ਰਭਾਵ ਵਧੇਰੇ ਹੁੰਦਾ ਹੈ) ਇਹ ਮੱਖੀ ਵਾਂਗ ਹੀ ਛਲ-ਰੂਪ ਹੈ ਅਤੇ ਤਿੰਨ ਲੋਕ ਚੌਦਾਂ ਭਵਨ (ਸਾਰਾ ਸੰਸਾਰ) ਹੋਰ ਜਲ, ਥਲ ਪ੍ਰਿਥਵੀ, ਆਕਾਸ਼ ਸਭਨਾਂ ਉਤੇ ਮਾਇਆ ਨੇ ਆਪਣੇ ਛਲ ਕਰਨ ਵਾਲੇ ਰੂਪ ਦੀ ਛਾਇਆ ਕਰ ਰੱਖੀ ਹੈ। ਬ੍ਰਹਮਾ, ਬਿਸ਼ਨ ਤੇ ਸ਼ਿਵ ਇਨ੍ਹਾਂ ਤਿੰਨਾਂ ਨੂੰ ਜਗਤ ਮਰਯਾਦਾ ਲਈ ਰਚਿਆ ਹੈ ਅਤੇ ਦਸਾਂ ਅਵਤਾਰਾਂ ਨੂੰ ਜਗਤ ਰੂਪ ਬਾਜ਼ਾਰ ਵਿਚ ਨਚਾਇਆ ਹੈ। ਜਤੀ, ਸਤੀ, ਸੰਤੋਖੀ ਲੋਕ, ਸਿੱਧ, ਨੌਂ ਨਾਥਾਂ ਨੂੰ ਬਹੁਤੇ ਭੇਖਾਂ ਵਿਚ ਮਾਇਆ ਨੇ ਭੁਆਇਆ ਹੋਇਆ ਹੈ। ਕਾਮ, ਕ੍ਰੋਧ ਦੇ ਝਗੜਿਆਂ ਵਿਖੇ ਲੋਭ ਤੇ ਮੋਹ ਦੀ ਫਾਹੀ ਵਿਚ ਫਸੇ ਹੋਏ ਇਕ-ਦੂਜੇ ਨਾਲ ਧ੍ਰੋਹ ਕਰਕੇ ਲੜਦੇ ਹਨ। ਸਾਰਾ ਸੰਸਾਰ ਹਉਮੈ ਵਿਚ ਫਸਿਆ ਹੋਇਆ ਹੈ ਤੇ ਹਰੇਕ ਹੀ ਆਪਣੇ ਆਪ ਨੂੰ ਪੂਰਾ ਕਹਿੰਦਾ ਹੈ। ਭਾਵ ਆਪਣਾ ਕਸੂਰ ਕੋਈ ਨਹੀਂ ਮੰਨਦਾ ਤੇ ਅਸਲ ਕਾਰਨ ਪ੍ਰਭੂ ਨੂੰ ਕੋਈ ਨਹੀਂ ਜਾਣਦਾ।

ਅਤੇ

**ਇਕਸ ਇਕਸ ਖਾਣਿ ਵਿਚਿ ਇਕੀਹ ਇਕੀਹ ਲਖ ਉਪਾਜੇ॥**
**ਇਕਤ ਇਕਤ ਜੂਨਿ ਵਿਚਿ ਜੀਅ ਜੰਤੁ ਅਣਗਣਤ ਬਿਰਾਜੇ॥**

(ਭਾਈ ਗੁਰਦਾਸ ਜੀ, ਵਾਰ ੩੭, ਪਉੜੀ ੩)

ਇਨ੍ਹਾਂ ਸਭ ਜੀਆਂ ਦੇ ਸਿਰ 'ਤੇ ਤਾਂ ਲੇਖ (ਭਾਗ) ਲਿਖ ਦਿੱਤੇ ਪਰੰਤੂ ਆਪ ਅਲੇਖ ਹੀ ਰਿਹਾ। ਮਾਨਸ ਦੇਹੀ ਵਿਚ ਜਨਮ ਲੈਣ ਵਾਲੇ ਜੀਵਾਂ ਦੇ ਮੱਥੇ ਉੱਤੇ ਇਹ ਵੀ ਲਿਖ ਦਿੱਤਾ ਕਿ ਉਨ੍ਹਾਂ ਨੇ ਅਲੇਖ ਨੂੰ ਧਿਆ ਕੇ ਫਿਰ ਉਸ ਨਾਲ ਆ ਮਿਲਣਾ ਹੈ। ਇਸ ਮੰਤਵ ਦੀ ਪੂਰਤੀ ਲਈ ਹੀ ਉਨ੍ਹਾਂ ਨੂੰ ਬੁੱਧੀ ਮਿਲੀ ਹੋਈ ਹੈ ਜਿਹੜੀ ਕਿ ਹੋਰ ਜੂਨਾਂ ਵਿਚ ਜਾਣ ਵਾਲੇ ਜੀਵ-ਆਤਮਾ ਨੂੰ ਪ੍ਰਾਪਤ ਨਹੀਂ:

**ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਆਇਆ॥**

(ਭਾਈ ਗੁਰਦਾਸ ਜੀ, ਵਾਰ ੨੨, ਪਉੜੀ ੯)

ਅਤੇ

**ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥**

(ਗਉੜੀ ਮ: ੫-੧੯੯)

ਪ੍ਰਭੂ-ਆਤਮਾ ਨੇ ਸਭ ਜੀਵ-ਆਤਮਾਵਾਂ ਨੂੰ ਸੁਰਤ (ਗਿਆਤ) ਵੀ ਦਿੱਤੀ ਹੋਈ ਹੈ ਜੋ ਸਭਨਾਂ ਅੰਦਰ ਵਾਸਤਵ ਰੂਪ ਵਿਚ ਇਕੋ ਜਿਹੀ ਹੈ। ਜਿਵੇਂ ਕਿਸੇ ਦੀ ਸੁਰਤ ਬਣੀ ਹੁੰਦੀ ਹੈ ਓਵੇਂ ਹੀ ਉਹ ਵਿਚਰਦਾ ਹੈ ਅਤੇ ਉਸ ਅਨੁਸਾਰ ਹੀ ਉਸ ਦੇ ਅਗਲੇ ਜਨਮਾਂ ਦੇ ਲੇਖ ਬਣਦੇ ਜਾਂਦੇ ਹਨ। ਪ੍ਰਭੂ ਜੀ ਵਲੋਂ ਸਭ ਦੀ ਰਹਿਣੀ ਨੂੰ ਇਕੋ ਨਾਪ ਨਾਲ ਮਾਪਿਆ ਜਾਂਦਾ ਹੈ ਤੇ ਉਸੇ ਅਨੁਸਾਰ ਉਸ ਨੂੰ ਆਵਾਗਾਉਣ ਦੇ ਗੇੜ 'ਚ ਭੇਜਿਆ ਜਾਂਦਾ ਹੈ:-

**ਏਕਾ ਸੁਰਤਿ[1] ਜੇਤੇ ਹੈ ਜੀਅ ॥ ਸੁਰਤਿ ਵਿਹੂਣਾ[2] ਕੋਇ ਨ ਕੀਅ ॥**
**ਜੇਹੀ ਸੁਰਤਿ ਤੇਹਾ ਤਿਨ ਰਾਹੁ[3] ॥ ਲੇਖਾ ਇਕੋ ਆਵਹੁ ਜਾਹੁ ॥੧॥**

(ਸਿਰੀਰਾਗ ਮ: ੧-੨੪)

ਆਵਾਗਾਉਣ ਦੇ ਚੱਕਰ ਤੋਂ ਬਚਾਉਣ ਲਈ ਗੁਰੂ ਨਾਨਕ ਸਾਹਿਬ ਇਕ ਪੰਡਤ ਨੂੰ ਉਪਦੇਸ਼ ਦਿੰਦੇ ਹਨ ਕਿ ਹੇ ਪੰਡਤ! ਜੇ ਜਗਤ ਤੇ ਕਾਇਆ ਦੇ ਤੱਤਾਂ ਤੋਂ ਉਤਪਤੀ ਆਦਿ ਦੀਆਂ ਫੋਕੀਆਂ ਵਿਚਾਰਾਂ ਕਰਨ ਨਾਲੋਂ ਜੀਵ-ਆਤਮਾ ਦੀ ਉਤਪਤੀ ਦੀ ਥਾਂ (ਵਾਹਿਗੁਰੂ ਜੀ) ਨੂੰ ਜਾਣ ਲਿਆ ਜਾਵੇ ਤਾਂ ਇਉਂ ਅਸਲੇ ਦੀ ਪਛਾਣ ਹੋ ਜਾਵੇਗੀ ਤੇ ਅਸੀਂ 'ਸੁਰਤਾ ਪੰਡਤ' ਬਣ ਜਾਵਾਂਗੇ ਅਤੇ ਜੀਵ-ਆਤਮ ਅਵਸਥਾ ਤੋਂ ਨਿਕਲ ਕੇ ਆਤਮ ਅਵਸਥਾ ਨੂੰ ਪ੍ਰਾਪਤ ਹੋ ਜਾਵਾਂਗੇ:-

---

੧. ਗਿਆਤ।
੨ ਬਿਨਾਂ।
੩. ਵਰਤਾਰਾ।



**[1]ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ[2] ॥**
**ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ[3] ਪੰਡਿਤੁ ਤਾ ਕਾ ਨਾਉ ॥੧॥**

(ਮਲਾਰ ਮ: ੧-੧੨੫੬)

ਸਾਡਾ ਜੀਵ-ਆਤਮਾ, ਮਨ ਨੇ ਕਮਜ਼ੋਰ ਕਰ ਰੱਖਿਆ ਹੈ। ਮਨ ਦਾ ਮਾਲਕ ਹੁੰਦੇ ਹੋਏ ਵੀ ਇਸ ਵਿਚ ਇੰਨੀ ਸਮਰੱਥਾ ਨਹੀਂ ਹੈ ਜੋ ਇਹ ਆਪਣੇ ਮਨ ਨੂੰ ਆਪਣੀ ਮਰਜ਼ੀ ਅਨੁਸਾਰ ਟੋਰ ਸਕੇ। ਇਸ ਨੂੰ ਚੰਗੇ-ਮੰਦੇ ਦੀ ਪਛਾਣ ਤਾਂ ਹੁੰਦੀ ਹੈ ਪਰ ਇਹ ਮਨ ਸਾਹਮਣੇ ਨਿਹੱਥਾ ਹੀ ਹੁੰਦਾ ਹੈ। ਮਨ ਅਵਿਦਿਆ ਕਰਕੇ ਮੂਲੋਂ ਹੀ ਅੰਨ੍ਹਾ ਹੈ ਤੇ ਕਦੇ ਵੀ ਨਹੀਂ ਟਿਕਦਾ। ਇਸ ਹਾਲਤ ਵਿਚ ਜੀਵ-ਆਤਮਾ ਦੀ ਦਸ਼ਾ ਮਨ ਰੂਪੀ ਹੀ ਬਣ ਜਾਂਦੀ ਹੈ ਪਰ ਜਦੋਂ ਜੀਵ-ਆਤਮਾ ਮਨ ਨੂੰ ਗੁਰੂ ਦੀ ਕਿਰਪਾ ਨਾਲ ਆਪਣੇ ਮਗਰ ਲਾ ਲਵੇ ਅਤੇ ਮਲੀਨ ਮਨ ਤੋਂ ਚੰਚਲਤਾਈ ਆਦਿ ਛੁਡਵਾ ਕੇ ਉਸ ਨੂੰ ਸ਼ੁੱਧ ਕਰ ਲਵੇ ਜਿਹੜੀ ਡਿਊਟੀ ਕਿ ਇਸ ਨੂੰ ਧੁਰੋਂ ਮਿਲੀ ਹੋਈ ਹੈ ਤਾਂ ਇਹ ਜੀਵ-ਆਤਮਾ ਮਨ ਦੀ ਅਵਸਥਾ ਵਿਚੋਂ ਨਿਕਲ ਕੇ ਆਪਣੀ ਜੀਵ-ਆਤਮਾ ਵਾਲੀ ਨਿਰੋਲ ਅਵਸਥਾ ਵਿਚ ਆ ਜਾਂਦਾ ਹੈ। ਇਹ ਆਤਮ-ਅਵਸਥਾ ਨਾਲੋਂ ਤਾਂ ਥੱਲੇ ਦੀ ਅਵਸਥਾ ਹੈ ਪਰ ਪਹਿਲੀ ਅਵਸਥਾ ਨਾਲੋਂ ਉਤੇ ਦੀ ਹੈ। ਇਥੇ ਭਾਵੇਂ ਮਨ ਸ਼ੁੱਧ ਹੁੰਦਾ ਹੈ ਪਰ ਇੰਨਾ ਨਹੀਂ ਕਿ ਇਸ (ਜੀਵ-ਆਤਮਾ) ਨੂੰ ਕੋਈ ਇੱਛਾ ਹੀ ਨਾ ਰਹੇ। ਇਸ ਅਵਸਥਾ ਵਿਚ ਜੀਵ-ਆਤਮਾ ਮਨ ਦਾ ਦੁਖ-ਸੁਖ ਵੀ ਪਹਿਲਾਂ ਵਾਂਗ ਹੀ ਪ੍ਰਤੀਤ ਕਰਦਾ ਹੁੰਦਾ ਹੈ ਕਿਉਂ ਜੋ ਇਹ ਅਜੇ ਸਰੀਰ ਦੇ ਬੰਧਨਾਂ ਵਿਚ ਹੀ ਹੁੰਦਾ ਹੈ। ਇਸ ਅਵਸਥਾ ਵਿਚ ਇਸ ਨੂੰ ਆਤਮਾ ਦੀ ਸਮਝ ਤਾਂ ਹੁੰਦੀ ਹੈ ਕਿ ਉਹ ਹੈ ਤੇ ਇਸ ਨੂੰ ਉਸ ਤੋਂ ਸੱਤਾ ਵੀ ਮਿਲਦੀ ਹੈ ਪਰ ਇਹ ਅਜੇ ਆਤਮਾ ਵਿਚ ਲੀਨ ਨਹੀਂ ਹੋਇਆ ਹੁੰਦਾ। ਇਸ ਦਾ ਆਪਣਾ ਪ੍ਰਕਾਸ਼ ਤਾਂ ਹੁੰਦਾ ਹੈ ਜੋ ਸੁਖਦਾਈ ਹੁੰਦਾ ਹੈ ਪਰ ਕਿਉਂ ਜੋ ਮਨ ਦੇ ਮਾਇਆ-ਜਾਲ ਦਾ ਪ੍ਰਭਾਵ ਇਸ ਤੋਂ ਅਜੇ ਪੂਰੀ ਤਰ੍ਹਾਂ ਲੱਥਾ ਨਹੀਂ ਹੁੰਦਾ, ਇਸ ਕਰਕੇ ਇਹ ਜਨਮ ਮਰਨ ਦੇ ਚੱਕਰ ਵਿਚ ਹੁੰਦਾ ਹੈ ਭਾਵ ਇਸ ਨੂੰ ਸਰੀਰ ਧਾਰਨੇ ਪੈਂਦੇ ਹਨ:-

**ਇਹ ਸੂਪਨੀ[4] ਤਾ ਕੀ ਕੀਤੀ ਹੋਈ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥**
**ਇਹ ਬਸਤੀ ਤਾ ਬਸਤ ਸਰੀਰਾ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ॥੫॥**

(ਆਸਾ ਕਬੀਰ ਜੀ, ੪੮੦-੮੧)

---

੧. ਹਵਾ ਤੇ ਪਾਣੀ ਤੋਂ ਕਾਇਆ ਦੀ ਉਤਪਤੀ ਜਾਣਦਾ ਹੈ ਅਤੇ ਕਾਇਆ ਨੂੰ ਅਗਨੀ ਵੀ ਨਿਰਸੰਦੇਹ ਬਣਾਉਂਦੀ ਹੈ, (ਭਾਵ ਪੰਡਿਤ ਇਹ ਤਾਂ ਜਾਣਦਾ ਹੈ ਕਿ ਸਰੀਰ ਪਵਨ ਪਾਣੀ ਅਗਨੀ ਆਦਿ ਤੋਂ ਬਣਦਾ ਹੈ) ਪਰ ਜੀਵ-ਆਤਮਾ ਦੀ ਉਤਪਤੀ ਬਾਰੇ ਨਹੀਂ ਜਾਣਦਾ।
੨. ਨਿ-ਭਰਾਂਤਿ=ਬਿਨਾਂ ਭਰਮ ਤੋਂ, ਨਿਰਸੰਦੇਹ।
੩. ਗਿਆਨ ਵਾਲਾ, ਧਿਆਨ-ਅਸਥਿਤ ਅਰਥਾਤ ਆਤਮਾ ਰੂਪ।
੪. ਮਾਇਆ, ਇਹ ਮਾਇਆ ਪ੍ਰਭੂ ਦੀ ਬਣਾਈ ਹੋਈ ਹੈ, ਇਸ 'ਤੇ ਜ਼ੋਰ ਜਾਂ ਨਾ-ਜ਼ੋਰ ਕੀ ਹੋ ਸਕਦਾ ਹੈ? ਜਦੋਂ ਤਕ ਇਹ ਮਾਇਆ ਸਰੀਰ ਤੇ ਮਨ ਵਿਚ ਵਸਦੀ ਹੈ, ਉਦੋਂ ਤਕ ਜੀਵ-ਆਤਮਾ ਸਰੀਰ ਵਿਚ ਬਾਰ-ਬਾਰ ਜਨਮ ਲੈਂਦਾ ਹੈ ਤੇ ਗੁਰੂ ਦੀ ਕ੍ਰਿਪਾ ਨਾਲ ਗਿਆਨ (ਸਹਿਜ) ਰਾਹੀਂ ਤਰਦਾ ਹੈ।

ਜਿਸ ਵੇਲੇ ਜੀਵ-ਆਤਮਾ ਸਰੀਰ ਛੱਡਦਾ ਹੈ ਤਾਂ ਬਾਅਦ ਵਿਚ ਵੀ ਦੁੱਖ-ਸੁੱਖ ਮਹਿਸੂਸ ਕਰਦਾ ਰਹਿੰਦਾ ਹੈ, ਕਿਉਂ ਜੋ ਇਸ ਦਾ ਸੂਖਮ ਸਰੀਰ (ਸਹਿਤ ਮਨ) ਇਸ ਦੇ ਨਾਲ ਹੁੰਦਾ ਹੈ ਅਤੇ ਇਹ ਮਾਇਆ ਜਾਲ ਤੋਂ ਸੁਤੰਤਰ ਨਹੀਂ ਹੋਇਆ ਹੁੰਦਾ। ਮਨ ਦੇ ਸ਼ੁੱਧ ਹੋ ਕੇ ਜੀਵ-ਆਤਮਾ ਵਿਚ ਟਿਕ ਜਾਣ ਅਤੇ ਫਿਰ ਜੀਵ-ਆਤਮਾ ਦੇ ਆਤਮਾ ਵਿਚ ਲੀਨ ਹੋ ਜਾਣ 'ਤੇ ਹੀ ਜੀਵ-ਆਤਮਾ ਦੀ ਕਲਿਆਣ ਹੁੰਦੀ ਹੈ। ਜੀਵ-ਆਤਮਾ, ਆਤਮਾ ਰੂਪ ਹੋ ਕੇ ਹੀ ਆਪਣੇ ਅਸਲੀ ਸਰੂਪ ਵਿਚ ਸਥਿਤ ਹੁੰਦਾ ਹੈ।

ਜੀਵ-ਆਤਮਾ ਨੂੰ ਆਤਮ ਅਵਸਥਾ ਵਿਚ ਲਿਜਾਣ ਤੇ ਇਸ ਦਾ ਵਾਹਿਗੁਰੂ ਜੀ ਨਾਲ ਸਦੀਵੀ ਮੇਲ ਕਰਵਾਉਣ ਲਈ ਪੂਰੇ ਸਤਿਗੁਰੂ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਉਪਦੇਸ਼ ਦਿੱਤੇ ਹੋਏ ਹਨ, ਉਹ ਸਭ ਜੀਵ-ਆਤਮਾ ਪ੍ਰਤੀ ਹੀ ਹਨ ਤੇ ਇਸੇ ਦੀ ਹੀ ਕਲਿਆਣ ਲਈ ਹਨ, ਸਾਡੀ ਦੇਹੀ ਲਈ ਨਹੀਂ। ਆਤਮਾ ਵੀ ਆਪਣੇ ਹੁਕਮ ਜੀਵ-ਆਤਮਾ ਨੂੰ ਹੀ ਦਿੰਦਾ ਹੈ ਜੋ ਕਿ ਜੀਵ-ਆਤਮਾ ਨੇ ਆਪਣੇ ਮਨ ਤੋਂ ਅਗਾਹਾਂ ਮਨਵਾਉਣੇ ਹੁੰਦੇ ਹਨ। ਇਸ ਲਈ ਮਨ ਨੂੰ ਜੀਵ-ਆਤਮਾ ਦੇ ਨਿਸਤਾਰੇ ਲਈ ਹੀ ਸ਼ੁੱਧ ਕਰੀਦਾ ਹੈ। ਜੀਵ-ਆਤਮਾ ਵੀ ਆਪਣੀ ਧੁਰ ਦੀ ਲੱਗੀ ਕਾਰ ਤੋਂ ਉਦੋਂ ਹੀ ਸੁਰਖਰੂ ਹੁੰਦਾ ਹੈ ਜਦੋਂ ਉਹ ਆਪਣੇ ਮਨ ਨੂੰ ਸ਼ੁੱਧ ਕਰਕੇ ਆਤਮਾ ਦਾ ਪੂਰਨ ਆਗਿਆਕਾਰੀ ਬਣਾ ਦੇਵੇ।

## (ਅ) ਮਨ

ਮਨ ਜੀਵ-ਆਤਮਾ ਦਾ ਹੀ ਅੰਗ ਹੈ ਤੇ ਇਉਂ ਇਸ ਦਾ ਅਸਲਾ ਜੀਵ-ਆਤਮਾ ਵਾਲਾ ਚੇਤਨ ਪ੍ਰਕਾਸ਼-ਸਰੂਪ ਹੀ ਹੈ ਅਤੇ ਅਸਲੇ ਅਨੁਸਾਰ ਇਸ ਦਾ ਅਸਲ ਸੁਭਾਅ ਵੀ ਪੂਰਨ ਤਿਆਗ ਵਾਲਾ ਹੈ:-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

(ਆਸਾ ਮ: ੩-੪੪੧)

ਅਤੇ

**ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ[1] ਅਨਰਾਗੀ[2] ॥**

(ਭੈਰਉ ਮ: ੩-੧੧੨੯)

ਪਰ ਇਸ ਵਿਚ ਕਰਤਾ ਪੁਰਖ ਨੇ ਅਵਿਦਿਆ ਪਾ ਕੇ ਇਸ ਦਾ ਮੂੰਹ ਬਾਹਰ ਸੰਸਾਰ ਵੱਲ ਕੀਤਾ ਹੋਇਆ ਹੈ। ਇਸ ਜ਼ਿੰਮੇ ਸਰੀਰਕ ਗਿਆਨ ਇੰਦ੍ਰਿਆਂ ਰਾਹੀਂ ਬਾਹਰਲੇ ਪਦਾਰਥਕ ਗਿਆਨ ਨੂੰ ਪ੍ਰਾਪਤ ਕਰਨਾ ਤੇ ਉਸ ਅਨੁਸਾਰ ਬੁੱਧੀ ਦੀ ਸਹਾਇਤਾ ਨਾਲ ਸਰੀਰਕ ਕਰਮ ਇੰਦ੍ਰਿਆਂ ਰਾਹੀਂ ਲੋੜੀਂਦੀ ਕਾਰਵਾਈ ਕਰਨੀ ਲੱਗੀ ਹੋਈ ਹੈ। ਸਦਾ ਮਾਇਕ ਪਦਾਰਥਾਂ ਦੀ ਸੰਗਤ ਵਿਚ ਰਹਿਣ ਕਰਕੇ ਇਸ ਦੇ ਅੰਦਰ

੧. ਤਿਆਗੀ। ੨. ਰਾਗ (ਮੋਹ) ਰਹਿਤ, ਵੈਰਾਗੀ।



ਉਨ੍ਹਾਂ ਦੀ ਖਿੱਚ (ਮੋਹ) ਪੈਦਾ ਹੋ ਗਈ ਹੈ ਅਤੇ ਇਸੇ ਕਰਕੇ ਇਸ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਬਿਖਿਆ ਰੂਪੀ ਅਨਿਕ ਤਰੰਗ ਉੱਠਦੇ ਰਹਿੰਦੇ ਹਨ। ਇਨ੍ਹਾਂ ਤਰੰਗਾਂ ਕਰਕੇ ਹੀ ਸਦਾ ਇਹ ਚਲਾਇਮਾਨ (ਚੰਚਲ) ਸੁਭਾ ਦਾ ਹੋ ਗਿਆ ਹੈ:-

**ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤ ਅਨਿਕ ਤਰੰਗਾ ॥**

(ਸੂਹੀ ਮ: ੫-੭੫੯)

ਅਤੇ

**ਕਾਂਇਆ ਨਗਰਿ ਇਕੁ ਬਾਲਕੁ[1] ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥**
**ਅਨਿਕ ਉਪਾਵ ਜਤਨ ਕਰਿ ਥਾਕੇ[2] ਬਾਰੰ ਬਾਰ ਭਰਮਾਈ ॥੧॥**

(ਬਸੰਤ ਹਿੰਡੋਲ ਮ: ੪-੧੧੯੧)

ਕਿਉਂ ਜੋ ਮਨ ਪੰਜਾਂ ਤੱਤਾਂ ਦੇ ਸੂਖਮ ਗੁਣ—ਸ਼ਬਦ, ਸਪਰਸ਼, ਰੂਪ, ਰਸ, ਗੰਧ ਨੂੰ ਆਪਣੇ ਵਿਚ ਰੱਖਦਾ ਹੈ, ਇਸ ਲਈ ਇਸ ਨੂੰ 'ਪੰਚ ਭੂ ਆਤਮਾ' ਵੀ ਆਖਿਆ ਗਿਆ ਹੈ ਅਤੇ ਪੰਜਾਂ ਤੱਤਾਂ ਤੋਂ ਉਪਜਿਆ ਵੀ ਦੱਸਿਆ ਗਿਆ ਹੈ। ਇਸ ਦਾ ਮਾਲਕ ਜੀਵ-ਆਤਮਾ ਹੈ ਭਾਵ ਮਨ ਨੂੰ ਸ਼ਕਤੀ ਜੀਵ-ਆਤਮਾ ਤੋਂ ਮਿਲਦੀ ਹੈ:-

**ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥**

(ਸੋਰਠਿ ਮ: ੧-੫੯੮)

ਅਰਥਾਤ ਮਨ ਦਾ ਸੁਭਾ (ਜੀਵਨ-ਵਰਤਾਰਾ) ਪਵਨ ਵਰਗਾ (ਕਦੇ ਵੀ ਨਾ ਟਿਕਣ ਵਾਲਾ) ਹੈ; ਇਸ ਦਾ ਅਰਥ ਇਹ ਵੀ ਲਿਆ ਜਾਂਦਾ ਹੈ ਕਿ ਮਨ ਦਾ ਆਧਾਰ, ਪ੍ਰਾਣ (ਅਤੇ ਸਰੀਰ) ਹਨ। ਇਸ ਦਾ ਪਤੀ ਜੀਵ-ਆਤਮਾ (ਦੇਹੀ) ਹੈ ਅਤੇ ਜੀਵ-ਆਤਮਾ ਵਿਚ ਆਤਮਾ ਦੇਉ ਹੈ।

ਆਪ ਮਾਲਕ ਹੁੰਦੇ ਹੋਏ ਵੀ ਜੀਵ-ਆਤਮਾ ਕੇਵਲ ਡਾਕੀਏ ਦਾ ਕੰਮ ਹੀ ਕਰਦਾ ਹੈ। ਆਤਮਾ ਜੀਵ-ਆਤਮਾ ਨੂੰ ਜੋ ਹੁਕਮ ਕਰਦਾ ਹੈ, ਜੀਵ-ਆਤਮਾ ਉਨ੍ਹਾਂ ਦੀ ਪਾਲਣਾ ਕਰਾਉਣ ਲਈ ਅੱਗੇ ਮਨ ਨੂੰ ਪਹੁੰਚਾ ਦਿੰਦਾ ਹੈ। ਮਨ ਸ਼ਰਾਰਤੀ (ਚੰਚਲ) ਹੈ ਅਤੇ ਸਰੀਰ ਨਾਲ ਲੱਗ ਕੇ ਆਪਣਾ ਵੱਖਰਾ ਆਪਾ ਬਣਾਈ ਬੈਠਾ ਹੈ। ਇਸੇ ਕਰਕੇ ਜੀਵ-ਆਤਮਾ ਰਾਹੀਂ ਆਤਮਾ ਤੋਂ ਆਏ ਹਰੇਕ ਹੁਕਮ ਦੀ ਪਾਲਣਾ ਨਹੀਂ ਕਰਦਾ। ਆਪਣੇ ਸਥੂਲ ਸੁਭਾ ਤੇ ਖਿੱਚ ਅਨੁਸਾਰ ਵਰਤ ਜਾਂਦਾ ਹੈ। ਪਰ ਕਿਉਂ ਜੋ ਮਨ ਹੈ ਜੀਵ-ਆਤਮਾ ਦਾ ਅਤੇ ਜੀਵ-ਆਤਮਾ ਮਨ ਦਾ ਹਰੇਕ ਅਸਰ ਕਬੂਲਦਾ ਹੈ, ਇਸ ਲਈ ਪੁੱਛ-ਪੜਤਾਲ ਜੀਵ-ਆਤਮਾ ਦੀ ਹੋ ਜਾਂਦੀ ਹੈ। ਜਿਹੋ ਜਿਹਾ ਮਨ ਕੰਮ ਕਰਦਾ ਹੈ, ਉਹੋ ਜਿਹਾ ਹੀ ਜੀਵ-

੧. ਮਨ ਰੂਪੀ ਬਾਲਕ। ੨. ਮੁੜ ਮੁੜ ਭਟਕਦਾ ਹੈ।

ਆਤਮਾ ਦਾ ਨਾਂ ਪੈ ਜਾਂਦਾ ਹੈ ਅਤੇ ਮਨ ਨੂੰ ਵੀ ਉਸੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ:-

**ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥**
**ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥**

(ਪ੍ਰਭਾਤੀ ਮ: ੧-੧੩੩੦)

ਅਰਥਾਤ ਜੋਗ ਵਿਚ ਲੱਗੇ ਮਨ ਨੂੰ ਜੋਗੀ ਤੇ ਪਦਾਰਥਕ ਭੋਗਾਂ ਵਿਚ ਲੱਗੇ ਮਨ ਨੂੰ ਭੋਗੀ ਅਤੇ ਮੂਰਖਾਂ ਵਾਲੇ ਕੰਮ ਕਰਨ ਵਾਲੇ ਮਨ ਨੂੰ ਮੂਰਖ-ਗਾਵਾਰ ਆਖਿਆ ਜਾਂਦਾ ਹੈ, ਦਾਨ ਕਰਨ ਵਾਲਾ ਮਨ ਦਾਤਾ ਅਤੇ ਮੰਗਣ ਵਾਲਾ ਮਨ ਮੰਗਤਾ ਅਖਵਾਉਂਦਾ ਹੈ। ਇਨ੍ਹਾਂ ਮਨਾਂ ਵਾਲੇ ਜੀਵ-ਆਤਮਾ ਨੂੰ ਵੀ ਇਸੇ ਕ੍ਰਮ ਅਨੁਸਾਰ ਹੀ ਜੋਗੀ, ਭੋਗੀ, ਮੂਰਖ, ਦਾਤਾ, ਮੰਗਤਾ ਆਦਿ ਆਖਿਆ ਜਾਂਦਾ ਹੈ। ਇਸ ਕਰਕੇ ਜੀਵ-ਆਤਮਾ ਦੀ ਕਲਿਆਣ ਲਈ ਮਨ ਨੂੰ ਹੀ ਸ਼ੁੱਧ ਕਰਨ ਦੀ ਲੋੜ ਹੈ। ਜਿੰਨਾ ਚਿਰ ਇਹ ਮਨ ਮਾਇਆ ਦੇ ਸੰਸਕਾਰਾਂ ਤੇ ਫੁਰਨਿਆਂ ਵਿਚ ਪਿਆ ਰਹੇਗਾ ਓਨਾ ਚਿਰ ਜੀਵ-ਆਤਮਾ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹੇਗਾ। ਜੂਨਾਂ ਵਿਚ ਭੇਜਣ ਲਈ ਮਨ ਦੇ ਕਰਮਾਂ ਨੂੰ ਜਿਸ ਹਿਸਾਬ ਨਾਲ ਪਰਖਿਆ ਜਾਂਦਾ ਹੈ, ਉਸ ਸੰਬੰਧੀ ਭਗਤ ਤ੍ਰਿਲੋਚਨ ਜੀ ਇਸ ਤਰ੍ਹਾਂ ਰੋਸ਼ਨੀ ਪਾਉਂਦੇ ਹਨ:-

**ਅੰਤਿ ਕਾਲਿ ਜੋ ਲਛਮੀ[੧] ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**[੨]ਸਰਪ ਜੋਨਿ ਵਲਿ ਵਲਿ ਅਉਤਰੈ ॥੧॥**
**[੩]ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥**
**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥**
**ਅੰਤਿ ਕਾਲਿ ਜੋ ਲੜਿਕੇ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**[੪]ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥**
**ਅੰਤਿ ਕਾਲਿ ਜੋ [੫]ਮੰਦਰ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**[੬]ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥**
**ਅੰਤਿ ਕਾਲਿ [੭]ਨਾਰਾਇਣੁ ਸਿਮਰੈ**

੧. ਧਨ, ਰੁਪਿਆ-ਪੈਸਾ।
੨. ਮੁੜ ਮੁੜ ਸੱਪ ਦੀ ਜੂਨੀ ਵਿਚ ਪੈਂਦਾ ਹੈ।
੩. ਹੇ ਮਾਈ!
੪. ਸੂਰ, ਜਿਸ ਦੇ ਬਹੁਤ ਸਾਰੇ ਬੱਚੇ ਹੁੰਦੇ ਹਨ।
੫. ਮਕਾਨ।
੬. ਭੂਤਨਾ ਜੋ ਉਜੜੇ ਘਰਾਂ ਵਿਚ ਵਾਸਾ ਕਰਦਾ ਹੈ।
੭. ਪ੍ਰਭੂ ਨੂੰ।



**ਐਸੀ ਚਿੰਤਾ ਮਹਿ ਜੇ ਮਰੈ ॥**
**[੧]ਬਦਤਿ ਤਿਲੋਚਨੁ ਤੇ ਨਰ ਮੁਕਤਾ**
**ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥**

(ਗੂਜਰੀ ਸ੍ਰੀ ਤ੍ਰਿਲੋਚਨ ਜੀਉ-੫੨੬)

ਭਗਤ ਰਵਿਦਾਸ ਜੀ ਸਾਨੂੰ ਪ੍ਰੇਰਣਾ ਦਿੰਦੇ ਹਨ ਕਿ ਪ੍ਰਭੂ-ਅਨੁਭਵ ਵਿਚ ਰਿਹਾ ਕਰੋ। ਗਿਆਨੀ ਪੁਰਸ਼ ਦੁਨੀਆਂ ਵਾਂਗ ਮਨ ਦੇ ਬਾਹਰਮੁਖੀ ਸੁਭਾ ਮਗਰ ਨਹੀਂ ਲੱਗਦੇ, ਉਹ ਤਾਂ ਪ੍ਰਭੂ ਦੇ ਵਿਆਪਕ ਤੇ ਕਣ-ਕਣ ਵਿਚ ਸਮਾਏ ਹੋਣ ਦੇ ਗਿਆਨ ਵਿਚ ਰਹਿੰਦੇ ਹਨ:-

**ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥**

(ਭੈਰਉ ਬਾਣੀ ਰਵਿਦਾਸ ਜੀ-੧੧੬੭)

ਅਤੇ ਜਦੋਂ ਗੁਰੂ ਦੀ ਕ੍ਰਿਪਾ ਨਾਲ ਮਨ ਸ਼ੁੱਧ ਹੋ ਜਾਂਦਾ ਹੈ ਤਾਂ ਮਨ ਦੀ ਚੰਚਲਤਾਈ ਖ਼ਤਮ ਹੋ ਜਾਂਦੀ ਹੈ ਤੇ ਇਹ ਆਪਣੇ ਪਤੀ ਜੀਵ-ਆਤਮਾ ਵਿਚ ਆ ਟਿਕਦਾ ਹੈ। ਇਹ ਮੇਲ ਵੀ ਨਾਮ-ਸਿਮਰਨ ਦੁਆਰਾ ਹੁੰਦਾ ਹੈ। ਇਥੇ ਮਨ ਆਤਮਾ ਦੀ ਹੋਂਦ ਨੂੰ ਵੀ ਸਮਝ ਲੈਂਦਾ ਹੈ ਅਤੇ ਟਿਕ ਕੇ ਨਾਮ-ਸਿਮਰਨ ਦਾ ਰਸ ਮਾਨਣ ਲੱਗ ਪੈਂਦਾ ਹੈ। ਜਦੋਂ ਇਸ ਨੂੰ ਨਾਮ-ਸਿਮਰਨ ਦੀ ਰੰਙਣ ਪੂਰੀ ਤਰ੍ਹਾਂ ਚੜ੍ਹ ਜਾਂਦੀ ਹੈ ਤਾਂ ਇਹ ਮਨ ਆਪਣੇ ਜੀਵ-ਆਤਮਾ ਦਾ ਰੂਪ ਹੋ ਕੇ ਉਸ ਵਿਚ ਟਿਕ ਜਾਂਦਾ ਹੈ। ਹੁਣ ਜੀਵ-ਆਤਮਾ ਤੇ ਮਨ ਦੀ ਅਗਲੀ ਅੰਤਰਮੁਖ ਘਾਲ ਆਰੰਭ ਹੁੰਦੀ ਹੈ ਅਤੇ ਇਸਥਿਤ ਅੰਤਰਮੁਖ ਮਨ (ਜੀਵ-ਆਤਮਾ ਸਹਿਤ) ਆਤਮਾ ਰੂਪ ਹੋ ਕੇ ਆਤਮਾ ਵਿਚ ਲੀਨ ਹੋ ਜਾਂਦਾ ਹੈ। ਪਹਿਲੋਂ ਮਨ ਨੇ ਜੀਵ-ਆਤਮਾ ਨੂੰ ਦੁਨੀਆ ਵਿਚ ਖਚਤ ਕਰ ਕੇ ਮਨ-ਰੂਪ (ਮਨ ਦੀ ਇਨਮਨ ਹਾਲਤ) ਬਣਾ ਰੱਖਿਆ ਸੀ ਤੇ ਹੁਣ ਮਨ ਨੇ ਜੀਵ-ਆਤਮਾ ਨੂੰ ਆਤਮਾ-ਰੂਪ (ਮਨ ਦੀ ਉਨਮਨ ਹਾਲਤ) ਬਣਾ ਦਿੱਤਾ ਹੈ। ਪਹਿਲੀ ਸੂਰਤ ਵਿਚ ਮਨ ਜੀਵ-ਆਤਮਾ 'ਤੇ ਸਵਾਰ ਸੀ ਤੇ ਦੂਜੀ ਸੂਰਤ ਵਿਚ ਜੀਵ-ਆਤਮਾ ਆਪਣੇ ਆਪ 'ਤੇ ਖੜ੍ਹਾ ਹੋ ਜਾਂਦਾ ਹੈ ਤੇ ਮਨ ਇਸ ਦਾ ਅਨੁਸਾਰੀ ਹੋ ਜਾਂਦਾ ਹੈ ਕਿਉਂ ਜੋ ਉਸ ਨੂੰ ਸਮਝ ਪੈ ਜਾਂਦੀ ਹੈ ਕਿ ਮੈਂ ਤਾਂ ਇਸੇ ਸਦਕੇ ਹਾਂ। ਮਨ ਦੀ ਜੀਵ-ਆਤਮਾ ਵਾਲੀ ਇਸ ਅਵਸਥਾ ਵਿਚ ਇੱਛਾ ਅਜੇ ਕਾਇਮ ਹੁੰਦੀ ਹੈ ਜੋ ਆਤਮਾ ਵਿਚ ਲੀਨਤਾ ਸਮੇਂ ਹੀ ਮੁਕਦੀ ਹੈ।

ਸੋ ਮਨ ਦੀ ਥਾਂ ਅਤੀ ਮਹੱਤਵਪੂਰਨ ਹੈ। ਇਹ ਮਨ ਹੀ ਸਾਨੂੰ (ਜੀਵ ਆਤਮਾ ਨੂੰ) ਸੁਖੀ ਅਤੇ ਇਹ ਮਨ ਹੀ ਸਾਨੂੰ (ਜੀਵ-ਆਤਮਾ ਨੂੰ) ਦੁਖੀ ਕਰਦਾ ਹੈ। ਜਨਮਾਂ ਦੇ ਚੱਕਰ ਵਿਚ ਵੀ ਇਹੀ ਸੁੱਟਦਾ ਹੈ ਅਤੇ ਇਹੀ ਜੀਵ-ਆਤਮਾ ਰੂਪ ਹੋ ਕੇ ਜੋਤਿ ਪ੍ਰਗਟ ਹੋਣ ਉਪਰੰਤ ਸਰਬ-ਸ਼ਕਤੀਵਾਨ ਬਣ ਬੈਠਦਾ ਹੈ। ਇਹ ਜਦੋਂ ਚੰਚਲ

੧. ਭਗਤ ਤ੍ਰਿਲੋਚਨ ਕਹਿੰਦਾ ਹੈ ਕਿ ਉਹ ਨਰ ਮੁਕਤ ਹੋ ਜਾਂਦਾ ਹੈ ਅਤੇ ਪੀਤੰਬਰ (ਪੀਲਿਆਂ ਕੱਪੜਿਆਂ ਵਾਲਾ ਕ੍ਰਿਸ਼ਨ) ਪ੍ਰਭੂ ਉਸ ਦੇ ਦਿਲ ਵਿਚ ਵਸਦਾ ਹੈ।

ਹੁੰਦਾ ਹੈ ਤਾਂ ਜੀਵ ਭਟਕਦਾ ਫਿਰਦਾ ਹੈ, ਜਦੋਂ ਥਿਰ ਹੋ ਜਾਂਦਾ ਹੈ ਤਾਂ ਟਿਕੇ ਪਾਣੀ ਵਾਂਗੂੰ ਆਪਣੇ ਵਿਚ ਹੀ ਜੀਵ-ਆਤਮਾ ਆਪਣਾ ਅਸਲ ਆਤਮ-ਸਰੂਪ ਵੇਖ ਲੈਂਦਾ ਹੈ। ਉਦੋਂ ਇਹ ਜੀਵ ਬੇਪਰਵਾਹ, ਪੂਰੇ ਤੌਰ 'ਤੇ ਸੰਤੁਸ਼ਟ ਤੇ ਪਾਤਸ਼ਾਹ ਬਣ ਜਾਂਦਾ ਹੈ। ਉਦੋਂ ਇਹ ਮੰਗਤਾ ਨਹੀਂ ਸਗੋਂ ਦਾਤਾ ਹੁੰਦਾ ਹੈ। ਜਿਸ ਨੇ ਮਨ ਜਿੱਤ ਲਿਆ ਮਾਨੋ ਉਸ ਨੇ ਸਾਰਾ ਜਗ ਹੀ ਜਿੱਤ ਲਿਆ ਹੈ। ਕਬੀਰ ਜੀ ਨੇ ਤਦੇ ਹੀ ਫੁਰਮਾਇਆ ਹੈ:-

**ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥**
**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥**

(ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀ-੩੪੨)

ਅਰਥਾਤ ਸਾਡੇ ਜੀਵਾਤਮਾ ਦਾ ਸੰਬੰਧ ਮਨ ਨਾਲ ਹੀ ਹੈ। ਜੇ ਮਨ ਸਾਧ ਲਿਆ ਜਾਏ ਤਾਂ ਹੀ ਪੂਰਨਤਾ ਪ੍ਰਾਪਤ ਹੁੰਦੀ ਹੈ। ਕਬੀਰ ਜੀ ਮਨ ਹੀ ਮਨ ਨਾਲ ਅੰਦਰੋਂ-ਅੰਦਰ ਗੱਲਾਂ ਕਰਦੇ ਆਖਦੇ ਹਨ ਕਿ ਮਨ ! ਤੂੰ ਹੀ ਹੈਂ ਸਭ ਕੁਝ ਅਗਿਆਨ ਅਧੀਨ ਵਰਤਣਹਾਰਾ ਹੋ ਕੇ ਸੰਸਾਰ ਵਿਚ ਭਟਕਾਣ ਵਾਲਾ ਅਤੇ ਆਤਮ-ਗਿਆਨ ਸਹਿਤ ਹੋ ਕੇ ਸੰਸਾਰ ਤੋਂ ਉਧਾਰਨਹਾਰਾ। ਤੇਰੇ ਵਰਗਾ ਸਾਨੂੰ ਇਥੇ-ਉਥੇ ਦਾ ਸਹਾਈ ਕੋਈ ਹੋਰ ਨਹੀਂ ਮਿਲਿਆ। ਇਸੇ ਲਈ ਆਪ ਫ਼ੁਰਮਾਉਂਦੇ ਹਨ ਕਿ ਮਨ ਨੂੰ ਜੀਵ-ਆਤਮਾ ਤੇ ਆਤਮਾ ਵਿਚ ਮੇਲਨ ਲਈ ਢਿਲਿਆਈ ਨਹੀਂ ਕਰਨੀ ਚਾਹੀਦੀ। ਇਸ ਦੇ ਅਨੰਦ ਦਾ ਮੇਲ, ਅਨੰਦ ਮਾਣਨ 'ਤੇ ਹੀ ਪਤਾ ਲੱਗਦਾ ਹੈ ਕਿ ਕਿੰਨਾ ਹੈ:-

**ਮਮਾ ਮੂਲ[1] ਗਹਿਆ[2] ਮਨੁ ਮਾਨੈ ॥ ਮਰਮੀ[3] ਹੋਇ ਸੁ ਮਨ ਕਉ ਜਾਨੈ ॥**
**[4]ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥**

(ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀ-੩੪੨)

## ਮਨ ਅਤੇ ਅੰਤਹਕਰਣ

'ਮਨ (ਸੰਸਕ੍ਰਿਤ, ਮਨੁਸ਼। ਮਨ=ਗਯਾਨੇ, ਧਾਤੂ) ਦਾ ਅਰਥ ਹੈ, ਸਾਰੀਆਂ ਦਿਮਾਗ਼ੀ ਤਾਕਤਾਂ, ਗਯਾਨ-ਸ਼ਕਤੀਆਂ। ਸੰਕਲਪ, ਵਿਕਲਪ, ਸਮਝ, ਬੂਝ, ਸਿਆਣ, ਹਿੱਸ, ਇੱਛਾ, ਵਿਚਾਰ, ਅੰਤਹਕਰਣ ਆਦਿਕ ਸਾਰੇ ਮਨ ਵਿਚ ਆ ਜਾਂਦੇ ਹਨ[5]।' ਪਰ ਮਨ ਨੂੰ ਅੰਤਹਕਰਣ ਦੇ ਚਾਰ ਭੇਦਾਂ ਵਿਚੋਂ ਇਕ ਭੇਦ ਵੀ ਸਮਝਿਆ ਜਾਂਦਾ ਹੈ। [6]ਅੰਤਹਕਰਣ ਦੇ ਚਾਰ ਭੇਦ ਇਹ ਕੀਤੇ ਜਾਂਦੇ ਹਨ:-

੧. ਮਨ, ਜਿਸ ਕਰਕੇ ਸੰਕਲਪ ਤੇ ਵਿਕਲਪ ਫੁਰਦੇ ਹਨ।
੨. ਬੁੱਧਿ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ।

---

੧. ਆਤਮਾ, ਪਰਮਾਤਮਾ।
੨. ਪਕੜਿਆ।
੩. ਭੇਦ ਜਾਣਨ ਵਾਲਾ।
੪. ਕਿਤੇ ਮਨ ਨੂੰ ਪ੍ਰਭੂ ਨਾਲ ਮੇਲਣ ਵਿਚ ਕੋਈ ਦੇਰੀ ਕਰੇ।
੫. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ।
੬. ਮਹਾਨ ਕੋਸ਼, ਭਾ. ਕਾਨ੍ਹ ਸਿੰਘ ਨਾਭਾ।



੩. ਚਿਤ, ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ।
੪. ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ, ਮਮਤ੍ਵ, ਮਮਤਾ। ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਇਨ੍ਹਾਂ ਦਾ ਜ਼ਿਕਰ ਕਿਉਂ ਕੀਤਾ ਹੈ:-

**ਤਿਥੈ ਘੜੀਐ ਸੁਰਤਿ (ਚਿੱਤ) ਮਤਿ (ਮਮਤ੍ਵ-ਅਹੰਕਾਰ) ਮਨਿ ਬੁਧਿ ॥**

ਇਸ ਕਰਕੇ ਜਿਨ੍ਹਾਂ ਬਿਰਤੀਆਂ ਦਾ ਅਸਥਾਨ ਮਨ ਹੈ ਉਹ ਦਸਣੀਆਂ ਜ਼ਰੂਰੀ ਬਣਦੀਆਂ ਹਨ। ਇਹ ਕੁਝ ਕੁ ਐਉਂ ਦੱਸੀਆਂ ਗਈਆਂ ਹਨ:-

(ੳ) ਆਸ। ਯਥਾ—'ਮਨਿ ਆਸ ਉਡੀਣੀ'
(ਅ) ਇੱਛਾ। ਯਥਾ—'ਮਨ ਇਛ ਪਾਈਐ', 'ਮਨ ਕੀਆ ਇਛਾ ਪੂਰੀਆ'
(ੲ) ਸਮਝ। ਯਥਾ—'ਮਨ ਸਮਝ ਛੋਡ'
(ਸ) ਮਨਸਾ। ਯਥਰਾ—'ਮਨਸਾ ਮਨਹਿ ਸਮਾਇਲੇ'
(ਹ) ਹਠ। ਯਥਾ—'ਮਨਿ ਹਠਿ ਮਤੀ ਬੂਡੀਐ'
(ਕ) ਕ੍ਰੋਧ। ਯਥਾ—'ਮਨ ਹਿਰਦੈ ਕ੍ਰੋਧ ਮਹਾ ਬਿਸਲੋਧ'
(ਖ) ਖ਼ਯਾਲ। ਯਥਾ—'ਮਨ ਦੇ ਅਧਿਕ ਤਰੰਗ'
(ਗ) ਸੁਭਾਉ। ਯਥਾ—'ਮਨ ਕਾ ਸੁਭਾਉ'
(ਘ) ਅਹੰਕਾਰ। ਯਥਾ—'ਮਨ ਕਰ ਅਹੰਕਾਰ'
(ਙ) ਲੋਭ। ਯਥਾ—'ਮਨ ਕਹਾ ਲੁਭਾਈਐ'
(ਚ) ਵਾਸ਼ਨਾ। ਯਥਾ—'ਮਨ ਕੀ ਬਾਸਨਾ ਮਨ ਤੇ ਟਰੈ'
(ਛ) ਦੁਬਿਧਾ (ਸੰਸਕ੍ਰਿਤ)। ਯਥਾ—'ਮਨ ਕੀ ਦੁਬਿਧਾ ਬਿਨਸ'
(ਜ) ਮਤਿ (ਸਲਾਹ) ਰੁਚੀ। ਯਥਾ—'ਮਨ ਮਤਿ ਤਿਆਗਹੁ'
(ਝ) ਵੀਚਾਰ। ਯਥਾ—'ਮਨ ਕੈ ਵੀਚਾਰਿ'
(ਞ) ਚਿੰਤਨ। ਯਥਾ—'ਮਨ ਚਿੰਤਤੁ ਸਗਲੇ'
(ਟ) ਚਾਉ। ਯਥਾ—'ਮਨਿ ਚਾਉ ਘਨੇਰਾ'
(ਠ) ਬੁਧੀ। ਯਥਾ—'ਵਿਵੇਚਨਾ ਸ਼ਕਤੀ ਵਾਲਾ ਮਨ—ਜ਼ਮੀਰ'
ਯਥਾ—'ਮਨ ਤਾਰਾਜੀ ਚਿਤੁ ਤੁਲਾ'
(ਡ) ਪ੍ਰੀਤ। ਯਥਾ—'ਮਨ ਮਹਿ ਪ੍ਰੀਤ[1]'

## (ੲ) ਪ੍ਰਕਿਰਤੀ

ਚੇਤਨ ਸੱਤਾ ਅਰਥਾਤ ਆਤਮ ਸੱਤਾ ਜਾਂ ਵਾਹਿਗੁਰੂ ਤੋਂ ਭਿੰਨ ਜੋ ਕੁਝ ਵੀ ਅਨਾਤਮ ਜਾਪਦਾ ਹੈ, ਉਹ ਪ੍ਰਕਿਰਤੀ ਹੈ। ਪ੍ਰਕਿਰਤੀ ਵਿਚ ਜੜ੍ਹ-ਰੂਪ ਮਾਦਾ

---

੧. *ਸ੍ਰੀ ਗੁਰੂ ਗ੍ਰੰਥ ਕੋਸ਼*, ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ

(Matter) ਅਤੇ ਮਾਇਆ (ਅਵਿਦਿਆ) ਦੋਵੇਂ ਹੀ ਆ ਜਾਂਦੇ ਹਨ। ਪ੍ਰਕਿਰਤੀ ਲਈ ਗੁਰਬਾਣੀ ਵਿਚ 'ਕੁਦਰਤ'[1] ਸ਼ਬਦ ਵੀ ਵਰਤਿਆ ਗਿਆ, ਜਿਸ ਦਾ ਭਾਵ ਹੈ ਉਹ ਸਭ ਕੁਝ ਜੋ ਕਾਦਰ (ਵਾਹਿਗੁਰੂ) ਨੇ ਕੀਤਾ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਕੁਝ ਕੁ ਚੀਜ਼ਾਂ ਜੋ 'ਕੁਦਰਤ' ਸ਼ਬਦ ਵਿਚ ਗਿਣੀਆਂ ਹਨ, ਉਹ ਇਹ ਹਨ:-

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥**
**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**
**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥**
**ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥**
**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**
**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**
**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥**

(ਆਸਾ ਕੀ ਵਾਰ, ਮ: ੧-੪੬੪)

ਅਰਥਾਤ (ਜੋ) ਦਿਸਦਾ ਹੈ (ਸੋ) ਕੁਦਰਤ ਹੈ (ਜੋ) ਸੁਣੀਂਦਾ ਹੈ (ਸੋ) ਕੁਦਰਤ ਹੈ (ਭਾਵ ਜੋ ਕੁਝ ਅੱਖਾਂ ਨਾਲ ਦਿੱਸੇ ਤੇ ਕੰਨਾਂ ਨਾਲ ਸੁਣੀਏ ਉਹ ਰਚੀ ਹੋਈ ਹੈ। ਡਰ ਤੇ ਸੁਖ (ਜਿਨ੍ਹਾਂ ਦੇ ਅਸਰ ਹੇਠ ਜਗਤ ਕੰਮ ਕਰ ਰਿਹਾ ਹੈ) ਦਾ ਮੂਲ ਵੀ ਕੁਦਰਤ ਹੈ। ਪਾਤਾਲਾਂ ਤੇ ਆਕਾਸ਼ਾਂ ਵਿਚ (ਜੋ ਸੱਖਣੇ ਟਿਕਾਣੇ ਹਨ) ਉਹ ਭੀ ਕੁਦਰਤ ਹੈ, (ਇਨ੍ਹਾਂ ਵਿਚ ਜੋ) ਸਾਰਾ ਆਕਾਰ (ਵਾਲਾ ਸਾਮਾਨ ਹੈ ਉਹ ਭੀ) ਕੁਦਰਤ ਹੈ। ਵੇਦ ਪੁਰਾਣ ਤੇ (ਹੋਰ) ਕਿਤਾਬਾਂ (ਗੱਲ ਕੀ) ਸਾਰੀ ਵਿਚਾਰ (ਜਿਸ ਨਾਲ ਜੀਵ ਵਿਚਾਰਵਾਨ ਬਣਦਾ ਹੈ) ਕੁਦਰਤ ਹੀ ਕੁਦਰਤ ਹੈ। (ਮਨੁੱਖ ਦਾ ਨ੍ਹਾਨ੍ਹਾ ਤਰ੍ਹਾਂ ਦਾ) ਖਾਣਾ ਤੇ ਪੀਣਾ (ਨ੍ਹਾਨ੍ਹਾ ਤਰ੍ਹਾਂ ਦਾ) ਪਹਿਰਾਵਾ ਪਹਿਰਨਾ ਕੁਦਰਤ ਹੈ। (ਜੀਵਾਂ ਦਾ ਪਰਸਪਰ ਜੋ) ਪਿਆਰ (ਹੈ ਉਹ) ਸਾਰਾ (ਭੀ) ਕੁਦਰਤ ਹੈ। ਮਨੁੱਖਾਂ ਤੇ ਜਗਤ ਦੇ ਹੋਰ ਜੀਵ-ਜੰਤੂਆਂ ਦੀਆਂ ਜਾਤਾਂ, ਕਿਸਮਾਂ (ਤੇ ਅੱਡ-ਅੱਡ) ਰੰਗਾਂ (ਦੇ ਵੇਰਵਿਆਂ) ਵਿਚ (ਜੋ ਕੁਝ ਭੀ ਹੈ) ਕੁਦਰਤ ਹੈ। ਨੇਕੀਆਂ, ਬਦੀਆਂ, ਮਾਣ, ਅਭਿਮਾਨ ਸਭ ਕੁਦਰਤ ਹੈ। ਹਵਾ, ਪਾਣੀ, ਅੱਗ, ਧਰਤੀ, ਮਿੱਟੀ ਸਭ ਕੁਦਰਤ ਹੈ। (ਇਹ ਗਿਣਤੀ ਜੋ ਅਸਾਂ ਗਿਣੀ ਹੈ) ਸਾਰੀ ਤੇਰੀ ਕੁਦਰਤ ਹੈ ਤੂੰ ਇਸ ਦਾ ਕਰਤਾ ਹੈਂ (ਤੂੰ ਹੀ ਇਸ ਦਾ) ਕਾਦਰ ਹੈਂ (ਫਿਰ ਤੇਰੀ) ਪਵਿੱਤ੍ਰ ਵਡਿਆਈ (ਇਹ ਹੈ ਕਿ ਤੂੰ ਇਸ ਕੁਦਰਤ ਦਾ ਕਾਦਰ ਕਰਤਾ ਹੁੰਦਿਆਂ ਹੋਇਆਂ ਇਸ ਸਾਰੀ ਕੁਦਰਤ ਤੋਂ ਅਤ੍ਰਿਕਤ ਹੈਂ। (ਦੱਸਦੇ ਹਨ ਗੁਰੂ) ਨਾਨਕ ਦੇਵ ਜੀ, (ਸਾਰੀ ਕੁਦਰਤ ਕਾਦਰ

੧. 'ਕੁਦਰਤ' ਸ਼ਬਦ ਅਰਬੀ ਭਾਸ਼ਾ ਦਾ ਹੈ, ਜਿਸ ਦੇ ਅਰਥ ਰਚਨਾ, ਵਿਸ਼ਵ, ਦ੍ਰਿਸ਼ ਹਨ। ਉਸ ਬੋਲੀ ਵਿਚ ਇਸ ਦੇ ਸ਼ਕਤੀ, ਰੱਬੀ ਬਲ ਵੀ ਅਰਥ ਹਨ।



ਤੇ ਕਰਤੇ ਦੇ) ਹੁਕਮ ਵਿਚ (ਕਾਯਮ) ਹੈ, ਉਹ ਉਸ (ਸਾਰੀ) ਨੂੰ ਵੇਖ ਰਿਹਾ ਹੈ (ਪਰ ਫਿਰ ਉਹ ਆਪ) ਇਕੋ ਇਕ ਵਿਦਮਾਨ ਹੈ। (ਭਾਵ ਇਤਨੀ ਨਾਨਤ੍ਵ ਵਾਲੀ ਕੁਦਰਤ ਦਾ ਕਰਤਾ ਕਾਦਰ ਹੋ ਕੇ ਉਸ ਦੀ ਖੂਬੀ ਇਹ ਹੈ ਕਿ ਆਪਣੀ ਏਕੱਤਵ 'ਚ ਇਕ ਰਹਿ ਕੇ ਹੀ ਜਿਉਂ ਦਾ ਤਿਉਂ ਵਿਦਮਾਨ ਹੈ)।'[1]

ਕੁਦਰਤ ਦੀ ਵਿਸ਼ਾਲਤਾ ਦੇ ਦਰਸ਼ਨ ਭਾਈ ਗੁਰਦਾਸ ਜੀ ਇਉਂ ਕਰਾਉਂਦੇ ਹਨ:-

**ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ ॥**
**ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ ॥**
**ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ ॥**
**ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ ॥**
**ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ ॥**
**ਇਕਸਿ ਇਕਸਿ ਬ੍ਰਹਮੰਡਿ ਵਿਚ ਦਸਿ ਦਸਿ ਕਰਿ ਅਵਤਾਰ ਉਤਾਰਾ ॥**
**ਕੇਤੇ ਬੇਦਿ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ ॥**
**ਕੁਦਰਤਿ ਇਕੁ ਏਤਾ ਪਾਸਾਰਾ ॥੪॥**

(ਵਾਰ ੧, ਪਉੜੀ ੪)

ਅਰਥਾਤ ਓਅੰਕਾਰ ਪਰਮਾਤਮਾ ਨੇ ਇਕ ਫੁਰਨੇ ਦੁਆਰਾ ਸਾਰਾ ਪਸਾਰਾ ਰੂਪਮਾਨ ਕਰ ਦਿੱਤਾ ਹੈ। ਫਿਰ ਪੰਜ ਤੱਤ ਪੈਦਾ ਕਰ ਕੇ ਤਿੰਨ ਲੋਕ ਤੇ ਉਸ ਦੇ ਅੰਦਰ ਗੁਪਤ ਅਤੇ ਪ੍ਰਗਟ ਦੋਹਾਂ ਕਿਸਮਾਂ ਦੇ ਜੀਵਾਂ ਨੂੰ ਬਣਾਇਆ ਹੈ। ਉਸ ਕਾਦਰ ਨੂੰ ਕਿਸੇ ਨੇ ਵੀ ਨਹੀਂ ਜਾਣਿਆ ਜਿਸ ਨੇ ਪਹਿਲੋਂ ਮਾਇਆ ਨੂੰ ਬਣਾਇਆ ਤੇ ਫਿਰ ਇਸ ਤੋਂ ਅਵਤਾਰ ਬ੍ਰਹਮਾਦਿਕ ਪੈਦਾ ਕੀਤੇ। ਇਕ ਮਾਇਆ ਤੋਂ ਲੱਖਾਂ ਬ੍ਰਹਿਮੰਡ ਰਚੇ ਅਤੇ ਫਿਰ ਲੱਖਾਂ ਬੇਅੰਤ ਅਸੰਖ ਅਪਾਰ ਰਚਨਾ ਸਾਜੀ। ਉਸ ਨੇ ਆਪਣੇ ਇਕ-ਇਕ ਰੋਮ ਵਿਚ ਕਰੋੜਾਂ ਹੀ ਬ੍ਰਹਿਮੰਡ ਬਣਾ ਕੇ ਰੱਖੇ ਹੋਏ ਹਨ ਤੇ ਹਰ ਬ੍ਰਹਿਮੰਡ ਵਿਚ ਦਸ-ਦਸ ਅਵਤਾਰ ਕਰਕੇ ਸਾਜੇ ਹੋਏ ਹਨ ਭਾਵ ਅਵਤਾਰਾਂ ਦੀ ਗਿਣਤੀ ਵੀ ਬੇਅੰਤ ਹੈ। ਕਿੰਨੇ ਹੀ ਵੇਦ, ਕਿੰਨੇ ਹੀ ਵਿਆਸ, ਕਿੰਨੀਆਂ ਹੀ ਕਤੇਬਾਂ ਤੇ ਕਿੰਨੇ ਹੀ ਮੁਹੰਮਦ ਤੇ ਕਿੰਨੇ ਹੀ ਉਸ ਦੇ ਯਾਰਾਂ ਨੂੰ ਬਣਾਇਆ ਪਰੰਤੂ ਕੁਦਰਤ (ਮਾਇਆ) ਇਕ ਸੀ ਜਿਸ ਦੁਆਰਾ ਇੰਨਾ ਪਸਾਰਾ ਪਸਾਰਿਆ।

ਪ੍ਰਭੂ-ਸਿਮਰਨ ਅਭਿਆਸ ਦੁਆਰਾ ਗਿਆਨ ਖੰਡ ਵਿਚ ਪੁੱਜ ਕੇ ਇਸ ਪਸਾਰੇ ਦੀ ਬੇਅੰਤਤਾ ਦੀ ਜੋ ਸੋਝੀ ਪੈਂਦੀ ਹੈ ਉਸ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਜਪੁਜੀ ਸਾਹਿਬ ਵਿਚ ਇਉਂ ਵਰਣਨ ਕੀਤਾ ਹੈ:-

**ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥**
**ਕੇਤੇ ਪਵਣ ਪਾਣੀ ਵੈਸੰਤਰ[2] ਕੇਤੇ ਕਾਨ ਮਹੇਸ ॥**

੧. *ਪੰਜ ਗ੍ਰੰਥੀ ਸਟੀਕ*, ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ।
੨. ਅਗਨੀਆਂ।
੩. ਕਿੰਨੇ (ਵਿਸ਼ਨ-ਰੂਪ) ਕ੍ਰਿਸ਼ਨ ਅਤੇ ਸ਼ਿਵ ਹਨ।

ਕੇਤੇ [੩]ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ [੧]ਕਰਮ ਭੂਮੀ ਮੇਰ[੨] ਕੇਤੇ ਕੇਤੇ ਧੂ[੩] ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ[੪]॥
ਕੇਤੇ ਦੇਵ ਦਾਨਵ[੫] ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ [੬]ਪਾਤ ਨਰਿੰਦ॥
[੭]ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

(ਜਪੁਜੀ ਸਾਹਿਬ)

## (੨)

ਅਸੀਂ ਵੇਖਿਆ ਹੈ ਕਿ ਓਅੰਕਾਰ-ਆਤਮਾ ਨੇ ਸਭ ਤੋਂ ਪਹਿਲੋਂ ਮਾਇਆ (ਅਵਿਦਿਆ) ਦੀ ਉਤਪਤੀ ਕੀਤੀ ਤੇ ਫਿਰ ਉਸ ਨਾਲ ਰਲ ਕੇ ਸ੍ਰਿਸ਼ਟੀ-ਰਚਨਾ ਦਾ ਅਗਲਾ ਪਸਾਰਾ ਪਸਾਰਿਆ। ਪਰ ਉਸ ਨੇ ਕਿਸ ਸਮੇਂ ਇਸ ਰਚਨਾ ਦੀ ਖੇਡ ਅਰੰਭ ਕੀਤੀ, ਇਹ ਕੋਈ ਨਹੀਂ ਦੱਸ ਸਕਦਾ। ਇਹ ਰਾਜ਼ ਤਾਂ ਕੇਵਲ ਪਰਮਾਤਮਾ ਨੂੰ ਆਪ ਹੀ ਪਤਾ ਹੈ:-

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**

(ਜਪੁਜੀ ਸਾਹਿਬ)

ਸਿੱਧਾਂ ਨੇ ਜਦੋਂ ਗੁਰੂ ਨਾਨਕ ਸਾਹਿਬ ਜੀ ਤੋਂ ਰਚਨਾ ਦੇ ਮੁੱਢ ਦੀ ਹਾਲਤ ਪੁੱਛੀ:-

**ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥**

(ਰਾਮਕਲੀ ਮ: ੧, ਸਿਧ ਗੋਸਟਿ-੯੪੦)

ਤਾਂ ਉਸ ਦਾ ਉੱਤਰ ਵੀ ਗੁਰੂ ਨਾਨਕ ਸਾਹਿਬ ਜੀ ਨੇ ਇਹੋ ਦਿੱਤਾ ਸੀ ਕਿ ਹਾਲਤ ਬਿਆਨ ਨਹੀਂ ਕੀਤੀ ਜਾ ਸਕਦੀ, ਬਸ ਕੇਵਲ 'ਬਿਸਮਾਦ' ਕਹਿ ਕੇ ਹੀ ਚੁੱਪ ਕਰਨਾ ਪੈਂਦਾ ਹੈ ਅਰਥਾਤ ਹੋਰ ਪਤਾ ਹੀ ਕੁਝ ਨਹੀਂ ਲੱਗਦਾ:-

**ਆਦਿ ਕਉ [੮]ਬਿਸਮਾਦੁ ਬੀਚਾਰੁ ਕਥੀਅਲੇ**
**ਸੁੰਨ[੯] ਨਿਰੰਤਰਿ ਵਾਸੁ ਲੀਆ॥**

(ਰਾਮਕਲੀ ਮ: ੧, ਸਿਧ ਗੋਸਟਿ-੯੪੦)

ਭਾਵੇਂ ਇਸ ਰਚਨਾ ਦੇ ਆਦਿ ਕਾਲ ਦਾ ਪਤਾ ਨਹੀਂ ਪਰ ਇਸ ਦੀ ਰਚਨਾ

੧. ਕਰਮ ਕਮਾਉਣ ਦੀਆਂ ਧਰਤੀਆਂ।
੨. ਸੁਮੇਰ ਪਰਬਤ।
੩. ਧਰੂ।
੪. ਸਰੂਪ।
੫. ਦੈਂਤ।
੬. ਪਾਤਸ਼ਾਹਾਂ ਦੇ ਖ਼ਾਨਦਾਨ।
੭. ਕਿੰਨੀਆਂ ਸ਼ਕਤੀਆਂ ਤੇ ਕਿੰਨੇ ਹੀ ਉਨ੍ਹਾਂ ਦੇ ਸੇਵਕ ਹਨ।
੮. ਅਸਚਰਜ।
੯. ਸੁੰਨ (ਅਫੁਰ) ਹਰੀ ਨੇ ਆਪਣੇ ਆਪ ਵਿਚ ਵਾਸਾ ਕੀਤਾ ਹੋਇਆ ਸੀ।



ਕਈ ਵਾਰ ਹੋਈ ਹੈ:-

**ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥**

(ਗਉੜੀ ਸੁਖਮਨੀ ਮ: ੫-੨੭੬)

ਪਰਮਾਤਮਾ ਦੇ ਸ੍ਰਿਸ਼ਟੀ ਰਚਣ ਦੇ ਮਨੋਰਥ ਬਾਰੇ ਸਤਿਗੁਰੂ ਜੀ ਸਾਨੂੰ ਦੱਸਦੇ ਹਨ ਕਿ ਇਹ ਰਚਨਾ ਦੀ ਖੇਡ ਸੰਤ-ਰੂਪ ਨੂੰ ਪ੍ਰਗਟ ਕਰਨ ਲਈ ਕੀਤੀ ਗਈ ਹੈ:-

**ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥**

(ਗਉੜੀ ਮ: ੧-੨੨੪)

ਇਸ ਜੋਤਿ ਵਿਗਾਸੀ ਸੰਤ-ਰੂਪ ਨੂੰ ਪ੍ਰਗਟ ਕਰਨ ਲਈ ਪ੍ਰਭੂ ਦਾ ਸਿਮਰਨ ਕਰਨਾ ਪੈਂਦਾ ਹੈ, ਤਾਂ ਹੀ ਫੁਰਮਾਇਆ ਹੈ:-

**ਹਰਿ ਸਿਮਰਨਿ ਧਾਰੀ ਸਭ ਧਰਨਾ॥**
**ਸਿਮਰਿ ਸਿਮਰਿ ਹਰਿ ਕਾਰਨ ਕਰਨਾ॥**

(ਗਉੜੀ ਸੁਖਮਨੀ ਮ: ੫-੨੬੩)

ਅਤੇ

**ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥**

(ਗਉੜੀ ਮ: ੫-੧੯੯)

ਕਿਉਂ ਜੋ ਪਸ਼ੂ-ਪੰਛੀ ਆਦਿ ਬਾਕੀ ਦੀਆਂ ਜੂਨੀਆਂ ਵਿਚ ਪ੍ਰਭੂ-ਸਿਮਰਨ ਨਹੀਂ ਕੀਤਾ ਜਾ ਸਕਦਾ ਇਸੇ ਕਰਕੇ ਮਨੁੱਖ-ਦੇਹੀ ਨੂੰ ਸ੍ਰੇਸ਼ਟ ਤੇ ਉੱਤਮ ਮੰਨਿਆ ਗਿਆ ਹੈ:-

**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ॥**
**ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ[੧] ਬੋਲਣਿ ਬਚਨ ਸਨੇਹੀ॥**
**ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ॥**
**ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ॥**
**ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ॥**
**ਗੁਰਭਾਈ ਸੰਤੁਸਟਿ ਕਰਿ ਚਰਣਾਮ੍ਰਿਤੁ[੨] ਲੈ ਮੁਖਿ ਪਿਵੇਹੀ॥**
**ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ॥**
**ਆਪਿ ਤਰੇ ਗੁਰਸਿਖ ਤਰੇਹੀ ॥੩॥**

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩)

ਅਤੇ

**ਭਈ ਪਰਾਪਤਿ ਮਾਨੁਖ ਦੇਹੁਰੀਆ[੩]॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ[੪]॥**

(ਆਸਾ ਮ: ੫-੧੨)

੧. ਪੰਛੀਆਂ ਤੇ ਪਸ਼ੂਆਂ ਵਿਚ ਇਹ ਸ਼ੁਭ-ਅਸ਼ੁਭ ਦਾ ਗਿਆਨ ਨਹੀਂ ਹੁੰਦਾ।
੨. ਦਸਮੇ ਜਾਮੇ ਵਿਚ ਸਤਿਗੁਰਾਂ ਨੇ ਖੰਡੇ ਦੇ ਅੰਮ੍ਰਿਤ ਦੀ ਮਰਿਆਦਾ ਬੰਨ੍ਹੀ ਹੈ ਤੇ ਇਸ ਮਰਯਾਦਾ ਨੂੰ ਉਸ ਵਿਚ ਲੀਨ ਕਰ ਦਿੱਤਾ ਹੈ। ਉਂਞ ਚਰਨੋਦਕ ਦਾ ਭਾਵ ਅਤੀ ਨਿੰਮ੍ਰਤਾ ਤੋਂ ਹੈ।
੩. ਦੇਹੀ, ਜਨਮ।
੪. ਵਾਰੀ।

ਇਹ ਜੀਵ ਬਾਕੀ ਜੂਨੀਆਂ ਵਿਚੋਂ ਭਰਮਦਾ-ਭਰਮਦਾ ਉੱਨਤ ਹੋ-ਹੋ ਕੇ ਇਥੇ ਮਨੁੱਖ-ਦੇਹੀ ਵਿਚ ਪੁੱਜਦਾ ਹੈ ਤਾਂ ਜੋ ਪ੍ਰਭੂ-ਪਯੋਜਨ, ਸੰਤ-ਰੂਪ ਬਣਾਉਣ ਦੀ ਪੂਰਤੀ ਹੋ ਸਕੇ:-

**ਕਈ ਜਨਮ ਭਏ ਕੀਟ[੧] ਪਤੰਗਾ॥ ਕਈ ਜਨਮ [੨]ਗਜ [੩]ਮੀਨ [੪]ਕੁਰੰਗਾ॥**
**ਕਈ ਜਨਮ [੫]ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ[੬] ਬ੍ਰਿਖ[੭] ਜੋਇਓ[੮] ॥੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ[੯] ॥੧॥ ਰਹਾਉ ॥**
**ਕਈ ਜਨਮ ਸੈਲ[੧੦] ਗਿਰਿ ਕਰਿਆ ॥ ਕਈ ਜਨਮ ਗਰਭ[੧੧] [੧੨]ਹਿਰਿ ਖਰਿਆ ॥**
**ਕਈ ਜਨਮ ਸਾਖ[੧੩] ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥**
**ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ[੧੪] ॥**
**ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥**
**ਜੋ ਕਿਛੁ ਹੋਆ ਸੁ[੧੫] ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥**
**ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥**

(ਗਉੜੀ ਗੁਆਰੇਰੀ ਮ: ੫-੧੭੬)

ਪਰ ਜਦ ਅਸੀਂ ਵੇਖਦੇ ਹਾਂ ਕਿ ਇਹ ਮਨੁੱਖੀ ਜੀਵ-ਆਤਮਾ ਕੀੜਿਆਂ-ਮਕੌੜਿਆਂ, ਸੱਪਾਂ, ਮੱਛੀ, ਹਿਰਨ, ਘੋੜੇ ਆਦਿ, ਬੂਟੇ, ਦਰੱਖ਼ਤਾਂ, ਸ਼ਾਖਾਂ, ਟਾਹਣੀਆਂ, ਸਬਜ਼ੀ ਆਦਿ 'ਤੇ ਫਿਰ ਪੱਥਰ, ਚਟਾਨਾਂ, ਪਹਾੜਾਂ ਆਦਿ ਦੀਆਂ ਸਭ ਜੂਨੀਆਂ ਧਾਰਦਾ ਹੈ ਤਾਂ ਸਾਨੂੰ ਇਕ ਹੋਰ ਭੇਦ ਵਾਲੀ ਗੱਲ ਦੀ ਸਮਝ ਪੈਂਦੀ ਹੈ ਕਿ ਜੜ੍ਹ ਤਾਂ ਕੋਈ ਚੀਜ਼ ਹੋਈ ਹੀ ਨਾ। ਇਹ ਸਭ ਆਤਮ-ਪਸਾਰਾ ਹੀ ਹੈ। ਬਸ ਫ਼ਰਕ ਕੇਵਲ ਮਾਇਆ ਦੀ ਛਾਇਆ, ਅਵਿਦਿਆ ਦਾ ਹੈ, ਕਿਤੇ ਵਧੇਰੇ ਪਈ ਹੋਈ ਹੈ ਤੇ ਕਿਤੇ ਕੁਝ ਘੱਟ ਹੈ। ਜਿਥੇ ਵਧੇਰੇ ਪਈ ਹੋਈ ਹੈ ਉਹ ਜੜ੍ਹ ਪ੍ਰਤੀਤ ਹੁੰਦੇ ਹਨ ਅਤੇ ਜਿਥੇ ਇਨ੍ਹਾਂ ਤੋਂ ਘੱਟ ਅਵਿਦਿਆ ਹੁੰਦੀ ਹੈ, ਉਹ ਦਰੱਖ਼ਤ ਸਬਜ਼ੀਆਂ ਆਦਿ ਦਾ ਰੂਪ ਧਾਰਨ ਕਰ ਲੈਂਦੇ ਹਨ ਅਤੇ ਜਿਥੇ ਇਸ ਤੋਂ ਵੀ ਘੱਟ ਅਵਿਦਿਆ ਹੁੰਦੀ ਹੈ, ਉਥੇ ਵਧੇਰੇ ਚੇਤੰਨਤਾ ਆ ਜਾਂਦੀ ਹੈ ਤੇ ਉਹ ਪੰਛੀ ਤੇ ਪਸ਼ੂ ਜੂਨੀਆਂ ਵਿਚ ਪੈ ਜਾਂਦੇ ਹਨ ਅਤੇ ਜੇ ਇਸ ਤੋਂ ਵੀ ਘੱਟ ਅਵਿਦਿਆ ਹੋਵੇ ਤਦ ਮਨੁੱਖ ਦੇਹੀ ਪ੍ਰਾਪਤ ਹੁੰਦੀ ਹੈ। ਇਸ ਮਨੁੱਖ ਦੇਹੀ ਵਿਚ ਵੀ ਅਵਿਦਿਆ ਵੱਧ-ਘੱਟ ਹੁੰਦੀ

---

੧. ਕੀੜੇ ਪਤੰਗੇ।
੨. ਹਾਥੀ।
੩. ਮੱਛੀ।
੪. ਹਿਰਨ।
੫. ਪੰਛੀ।
੬. ਘੋੜੇ।
੭. ਬੈਲ।
੮. ਜੋਤਿਆ ਭਾਵ ਇਨ੍ਹਾਂ ਜੂਨਾਂ ਵਿਚ ਧੱਕਿਆ ਗਿਆ।
੯. (ਸੰਚੀ ਗਈ) ਮਿਲੀ ਹੈ।
੧੦. ਸੈਲ ਪੱਥਰ, ਚਟਾਨ, ੧੧-ਪਹਾੜ।
੧੧. ਗਰਭ।
੧੨. ਨਾਸ਼ ਹੋਇਆ।
੧੩. ਸ਼ਾਖਾ, ਟਹਿਣੀਆਂ।
੧੪. ਗੁਰੂ ਦੀ ਸਿੱਖਿਆ ਦੁਆਰਾ।
੧੫. (ਹੇ ਵਾਹਿਗੁਰੂ) ਤੇਰੇ ਤੋਂ ਹੋਵੇਗਾ।



ਹੈ। ਜਿਨ੍ਹਾਂ ਮਨੁੱਖਾਂ ਵਿਚ ਵਧੇਰੇ ਅਵਿਦਿਆ ਹੁੰਦੀ ਹੈ, ਉਹ ਮਨਮੁਖ ਟਿਕੇ ਰਹਿੰਦੇ ਹਨ ਅਤੇ ਘੱਟ ਅਵਿਦਿਆ ਵਾਲੇ ਗੁਰੂ ਸ਼ਰਣ ਵਿਚ ਪੁੱਜ ਜਾਂਦੇ ਹਨ ਤੇ ਗੁਰੂ ਧਾਰਨ ਕਰਕੇ ਗੁਰਮੁਖ ਬਣ ਜਾਂਦੇ ਹਨ ਫਿਰ ਜਦੋਂ ਗੁਰਮੁਖ ਜਨਾਂ ਦੇ ਕਪਾਟ ਖੁੱਲ੍ਹਦੇ ਹਨ ਤੇ ਤ੍ਰਿਭਵਣ-ਸੋਝੀ ਹੋ ਜਾਂਦੀ ਹੈ ਤੇ ਸਾਰੇ ਆਤਮ ਰਾਮ ਦਿਸਣ ਲੱਗ ਪੈਂਦਾ ਹੈ ਤਾਂ ਉਹ ਸਮਝ ਜਾਂਦੇ ਹਨ ਕਿ ਠੀਕ ਹੀ ਜੜ੍ਹ ਜਾਂ ਅਨਾਤਮ ਕੋਈ ਚੀਜ਼ ਨਹੀਂ, ਸਭ ਆਤਮ-ਪਸਾਰਾ ਹੀ ਹੈ, ਸਭ ਆਤਮ ਹੀ ਆਤਮ ਹੈ। ਫਿਰ ਅਜਿਹੇ ਗੁਰਮੁਖ ਜਨ, ਹਾਂ ਜੀ, ਸੰਤ-ਰੂਪ ਜੀਊੜੇ ਕਿਸੇ ਖ਼ਾਸ ਰੱਬੀ ਰੰਗ ਵਿਚ ਝੂਮ-ਝੂਮ ਕੇ ਪੜ੍ਹਦੇ ਤੇ ਗਾਉਂਦੇ ਹਨ, ਤੇ ਗਾ-ਗਾ ਕੇ ਲੀਨ ਹੁੰਦੇ ਜਾਂਦੇ ਹਨ ਆਪਣੇ ਸਰੂਪ ਵਿਚ, ਜਿਸ ਤੋਂ ਕਿ ਉਹ ਚਿਰੰਕਾਲ ਤੋਂ ਵਿਛੜੇ ਹੋਏ ਹੁੰਦੇ ਹਨ:-

**ਆਪੇ[੧] ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥੧॥**
**[੨]ਜਤ ਕਤ ਪੇਖਉ ਏਕੈ ਓਹੀ ॥ ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥**
**ਆਪੇ ਸੂਰੁ[੩] ਕਿਰਣਿ ਬਿਸਥਾਰੁ[੪] ॥ ਸੋਈ[੫] ਗੁਪਤੁ ਸੋਈ ਆਕਾਰੁ ॥੨॥**
**[੬]ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥**
**ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ[੭] ਨੈਨ ਅਲੋਇਆ ॥**

(ਆਸਾ ਮ: ੫-੩੮੭)

ਧੰਨ ਹਨ! ਵਾਹਿਗੁਰੂ ਜੀ, ਜਿਨ੍ਹਾਂ ਨੇ ਅੱਖ ਦੇ ਫੋਰ ਵਿਚ ਬੇਅੰਤ ਜੜ੍ਹ ਤੇ ਚੇਤਨ ਬਣਾਉਣ ਦਾ ਚਮਤਕਾਰ ਕਰ ਦਿਖਾਇਆ ਹੈ ਅਤੇ ਧੰਨ ਹਨ ਉਹ ਮਰ-ਜੀਊੜੇ ਜੋ ਇਸ ਜੜ੍ਹ ਪ੍ਰਕਿਰਤੀ ਨੂੰ ਗੁਰੂ ਕਿਰਪਾ ਨਾਲ ਆਤਮਾ-ਸਰੂਪ ਵੇਖਦੇ ਹਨ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪ ਅਕਾਲ ਉਸਤਤਿ ਵਿਚ ਅਤਿ ਸੁੰਦਰ ਕਾਵਿਕ ਢੰਗ ਨਾਲ ਸ੍ਰਿਸ਼ਟੀ ਨੂੰ ਆਤਮਾ ਦਾ ਸਰੂਪ ਇਸ ਪ੍ਰਕਾਰ ਦੱਸਦੇ ਹਨ:-

**ਦੋਹਰਾ—ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟ ਕੋ ਬਿਚਾਰ॥**
**ਕਉਨ ਧਰਮ ਜੋ ਕਰਮ ਹੈ ਕਹੋ ਸਾਗਰ ਬਿਸਥਾਰ ॥੨੦੨॥**

ਇਸ ਦੋਹਰੇ ਵਿਚ ਪੰਜ ਪ੍ਰਸ਼ਨ ਹਨ:-

੧. ਆਤਮਾ ਦਾ ਸਰੂਪ ਕੀ ਹੈ?
੨. ਸ੍ਰਿਸ਼ਟੀ ਕੀ ਹੈ?

---

੧. ਵਾਹਿਗੁਰੂ ਆਪ ਹੀ ਦਰੱਖ਼ਤ ਹੈ, ਜਿਸ ਨੇ ਸ੍ਰਿਸ਼ਟੀ ਰੂਪ ਆਪਣੀ ਸ਼ਾਖ ਖਿਲਾਰੀ ਹੋਈ ਹੈ।
੨. ਜਿਥੇ ਕਿਥੇ ਵੇਖਦਾ ਹਾਂ।
੩. ਸੂਰਜ।
੪. ਪਸਾਰ, ਵਿਸਥਾਰ।
੫. ਸੂਖਮ ਤੇ ਅਸਥੂਲ ਦੋਵੇਂ ਰੂਪ ਉਸ ਦੇ ਹਨ।
੬. ਜਦੋਂ ਇਹ ਆਕਾਰ ਨਹੀਂ ਸੀ ਦਿਸਦਾ ਤਦ ਵਾਹਿਗੁਰੂ ਨਿਰਗੁਣ ਸੀ ਤੇ ਜਦ ਸ੍ਰਿਸ਼ਟੀ ਰਚੀ ਗਈ ਤੇ ਤਿੰਨ ਗੁਣਾਂ ਦਾ ਵਿਸਥਾਰ ਹੋਇਆ ਤਾਂ ਉਹ ਸਰਗੁਣ ਰੂਪ ਵਿਚ ਹੋਇਆ। ਇਹ ਦੋਵੇਂ ਰੂਪ ਉਸ ਦੇ ਮੁਕੱਰਰ ਕੀਤੇ ਹੋਏ ਹਨ, ਫਿਰ ਦੋਵੇਂ ਮਿਲਾ ਕੇ ਇਕੋ ਕਰ ਦੱਸਣ ਵਾਲਾ ਵੀ ਉਹ ਆਪ ਹੀ ਹੈ।
੭. ਅੱਖੀਂ ਦੇਖਿਆ।

੩. ਵਿਚਾਰ ਕੀ ਹੈ ?

੪. ਧਰਮ ਕਿਹੜਾ ਹੈ ?

੫. ਕਰਮ ਕਿਹੜਾ ਹੈ ?

ਇਨ੍ਹਾਂ ਪੰਜਾਂ ਪ੍ਰਸ਼ਨਾਂ ਦਾ ਉੱਤਰ ਇਕੋ ਅੰਤਲੇ ਪਦ 'ਸਗਲ ਬਿਸਥਾਰ' ਨਾਲ ਦਿੱਤਾ ਗਿਆ ਹੈ ਜਿਵੇਂ ਕਿ ਆਤਮਾ ਦਾ ਸਰੂਪ ਕੀ ਹੈ, ਦਾ ਉੱਤਰ—'ਸਾਰਾ ਵਿਸਥਾਰ' (ਪਸਾਰਾ) ਆਤਮਾ ਦਾ ਸਰੂਪ ਹੈ ਅਤੇ ਸ੍ਰਿਸ਼ਟੀ ਕੀ ਹੈ ? ਦਾ ਉੱਤਰ—ਸਾਰੇ ਪਸਾਰੇ ਦਾ ਨਾਂ ਹੀ ਸ੍ਰਿਸ਼ਟੀ ਹੈ—ਇਤਿਆਦਿ।

ooo



**ਪੰਜਵਾਂ ਕਾਂਡ**

# ਮਨਮੁਖ ਤੇ ਗੁਰਮੁਖ ਜੀਵ ਆਤਮਾ

## ੧. ਮਨਮੁਖ

'ਮਨਮੁਖ' ਪਦ ਦੇ ਅਰਥ 'ਵਾਹਿਗੁਰੂ ਤੇ ਗੁਰੂ ਤੋਂ ਉਲਟ ਆਪਣੇ ਮਨ ਵੱਲ ਮੁਖ ਰੱਖਣ ਵਾਲਾ ਅਰਥਾਤ ਆਪਹੁਦਰਾ' ਦੇ ਹਨ। ਆਤਮ-ਮਾਰਗ 'ਤੇ ਉੱਨਤੀ ਕਰਨ ਲਈ ਗੁਰਮਤਿ ਸਿਧਾਂਤ ਅਨੁਸਾਰ ਪੂਰੇ ਗੁਰੂ ਦੀ ਲੋੜ ਹੈ ਜਿਹੜਾ ਮਾਇਆ ਵਿਚ ਰੱਤੇ ਸਾਧਾਰਨ ਮਨ ਦੀ ਮਾਇਆ-ਰੂਪ ਪਾਣ ਨੂੰ ਲਾਹ ਕੇ ਆਪਣੇ ਉਪਦੇਸ਼ ਦੁਆਰਾ ਗੁਰੂ ਜਾਂ ਪ੍ਰਭੂ-ਭੈ ਦੀ ਖੁੰਭ ਚੜ੍ਹਾਵੇ ਤਾਂ ਜੋ ਉਸ ਵਿਚ ਪ੍ਰਭੂ-ਪਿਆਰ ਪੈਦਾ ਹੋਵੇ ਤੇ ਨਾਮ ਅੰਦਰ ਟਿਕ ਸਕੇ। ਕੋਰੇ ਮਨ ਵਿਚ, ਜਿਸ ਨੂੰ ਮਾਇਆ ਦੀ ਪਾਹ ਚੜ੍ਹੀ ਹੁੰਦੀ ਹੈ, ਪ੍ਰੇਮ ਪੈਦਾ ਹੋਣਾ ਅਸੰਭਵ ਹੈ। ਇਹ ਐਨ ਉਵੇਂ ਕਿਵੇਂ ਹੀ ਹੈ ਜਿਵੇਂ ਕੋਰੇ ਕੱਪੜੇ ਨੂੰ ਰੰਗ ਕਰਨ ਤੋਂ ਪਹਿਲੋਂ ਉਸ ਦੀ ਪਾਣ (ਮਾਇਆ) ਲਾਹੀ ਜਾਂਦੀ ਹੈ ਤੇ ਫਿਰ ਉਸ ਨੂੰ ਫਟਕੜੀ ਆਦਿ ਵਿਚ ਧੋਤਾ ਜਾਂਦਾ ਹੈ ਤਾਂ ਜੋ ਕੱਪੜਾ ਚੰਗਾ ਰੰਗ ਫੜੇ ਤੇ ਜੋ ਰੰਗ ਚੜ੍ਹੇ ਮੁੜ ਛੇਤੀ-ਛੇਤੀ ਨਾ ਲੱਥੇ। ਜੋ ਗੁਰੂ ਧਾਰਨ ਨਹੀਂ ਕਰਦਾ ਤੇ ਆਪਣੇ ਹੀ ਹਉਮੈ-ਬਲ ਨਾਲ ਘਾਲ ਕਮਾਈ ਕਰਦਾ ਹੈ, ਉਹ ਸਫਲ ਨਹੀਂ ਹੋ ਸਕਦਾ, ਕਿਉਂ ਜੋ ਤਕੜਾ ਜੀਵ ਵੀ ਆਪਣੇ ਮਨ ਤੇ ਸੁਭਾਅ ਮਗਰ ਲੋੜ ਪੈਣ 'ਤੇ ਤੁਰ ਪੈਂਦਾ ਹੈ ਅਤੇ ਆਪਣੀ ਆਤਮਾ ਦੀ ਆਵਾਜ਼ ਨੂੰ ਨਹੀਂ ਮੰਨਦਾ ਅਤੇ ਨਾਲੇ ਮਾਇਆ ਵਿਚ ਰੱਤਾ ਮਨ, ਆਤਮ ਮਾਰਗ ਲਈ ਤਾਂ ਅੰਨ੍ਹਾ ਹੀ ਹੁੰਦਾ ਹੈ, ਜਿਸ ਕਰਕੇ ਉਹ ਆਪਣੇ ਰਸਤੇ ਦੀ ਸਹੀ ਚੋਣ ਵੀ ਨਹੀਂ ਕਰ ਸਕਦਾ। ਤਦੇ ਹੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:-

**ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ [1]ਘਾਲ ਨ ਪਵਈ ਥਾਇ॥**
**ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ [2]ਤ੍ਰਿਪਤਿ ਨਹੀ ਬਿਖੁ ਖਾਇ॥**
**ਬਿਨੁ ਗੁਰ [3]ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ [4]ਘਾਟੇ ਘਾਟ ॥੩੮॥**

(ਰਾਮਕਲੀ ਮ: ੧, ਸਿਧ ਗੋਸਟਿ-੯੪੨)

ਮਨਮੁਖ ਵਿਚਾਰਿਆਂ ਨੂੰ ਪਤਾ ਹੀ ਨਹੀਂ ਕਿ ਗੁਰੂ ਦੇ ਭੈ ਵਿਚ ਅਨੇਕਾਂ ਹੀ ਤਰ ਗਏ ਹਨ (ਗੁਰ ਤੇ ਭੈ ਕੇਤੇ ਨਿਸਤਰੇ...') ਜਿਸ ਕਰਕੇ ਉਹ ਗੁਰੂ ਧਾਰਨ ਨਹੀਂ ਕਰਦੇ ਤੇ ਮਨਮੁਖ ਹੀ ਬਣੇ ਰਹਿੰਦੇ ਹਨ:-

---

੧. ਕਮਾਈ ਕੀਤੀ ਹੋਈ ਪਰਵਾਨ ਨਹੀਂ ਹੁੰਦੀ।
੨. ਮਾਇਆ ਦੇ ਭੋਗ ਭੋਗ ਕੇ ਤ੍ਰਿਪਤੀ ਨਹੀਂ ਹੁੰਦੀ।
੩. ਸੱਪ (ਮਾਇਆ) ਡਸਦਾ ਹੈ ਤੇ ਰਸਤੇ ਵਿਚ ਹੀ ਜੀਵ ਮਰ ਜਾਂਦਾ ਹੈ।
੪. ਘਾਟਾ ਹੀ ਘਾਟਾ ਹੈ।

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥

(ਮਾਰੂ ਸੋਲਹੇ ਮ: ੩-੧੦੫੪)

ਮਨਮੁਖ ਇਸੇ ਕਰਕੇ ਸੰਸਾਰੀ ਕੰਮਾਂ ਵਿਚ ਰੁੱਝੇ ਰਹਿਣ ਨੂੰ ਹੀ ਚੰਗਾ ਸਮਝਦਾ ਹੈ ਤੇ ਇਉਂ ਪ੍ਰਮਾਤਮਾ ਦਾ ਪਿਆਰ ਛੱਡ ਕੇ ਪਦਾਰਥਕ ਵਸਤੂਆਂ ਦੇ ਲੋਭ ਵਿਚ ਤੇ ਸੰਸਾਰੀਆਂ ਦੇ ਮੋਹ ਵਿਚ ਲੱਗਾ ਰਹਿੰਦਾ ਹੈ ਤੇ ਇਸ ਤਰ੍ਹਾਂ ਜੋ ਦਾਤਾਂ ਦੇਣ ਵਾਲਾ ਹੈ, ਉਸ ਨੂੰ ਛੱਡ ਕੇ ਦਿੱਤੀਆਂ ਦਾਤਾਂ ਦੇ ਮਗਰ ਹੀ ਪਿਆ ਰਹਿੰਦਾ ਹੈ। ਇਉਂ ਧੰਦਾ ਕਰਦਾ ਉਮਰਾਂ ਗੁਜ਼ਾਰ ਦਿੰਦਾ ਹੈ ਤੇ ਸਦਾ ਦੁੱਖਾਂ ਵਿਚ ਹੀ ਰਹਿੰਦਾ ਹੈ ਕਿਉਂ ਜੋ ਨਾਸ਼ਵੰਤ ਚੀਜ਼ਾਂ ਦਾ ਸੁੱਖ ਵੀ ਨਾਸ਼ਵੰਤ ਹੀ ਹੋਇਆ ਕਰਦਾ ਹੈ। ਪਹਿਲੋਂ ਤਾਂ ਉਹ ਮਿਲਦੀਆਂ ਨਹੀਂ ਤਾਂ ਦੁਖੀ, ਫਿਰ ਜਦੋਂ ਮਿਲ ਜਾਂਦੀਆਂ ਹਨ ਅਤੇ ਹੱਥੋਂ ਛੇਤੀ ਨਿਕਲ ਜਾਂਦੀਆਂ ਹਨ ਤਾਂ ਦੁਖੀ। ਇਉਂ ਉਸ ਦਾ ਤਨ, ਦੁਖ ਰੂਪੀ ਖੇਤ ਹੈ, ਦੁਖ ਰੂਪੀ ਕੰਮ ਕਰਕੇ ਦੁਖ ਹੀ ਬੀਜਦਾ ਹੈ ਤੇ ਫਿਰ ਦੁਖ ਹੀ ਵੱਢਦਾ ਹੈ:-

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ[1] ॥
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥
ਜੋ ਦੇਵੈ ਤਿਸੈ ਨ ਜਾਣਈ[2] ਦਿਤੇ ਕਉ ਲਪਟਾਇ ॥
ਨਾਨਕ [3]ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੨॥

(ਰਾਮਕਲੀ ਕੀ ਵਾਰ, ਮ: ੩-੯੪੭)

ਮਨਮੁਖ ਦਾ ਹਿਰਦੇ ਰੂਪੀ ਕਮਲ ਪੁੱਠਾ ਹੁੰਦਾ ਹੈ, ਉਹ ਪਰਮਾਤਮਾ ਵੱਲ ਪਿੱਠ ਅਤੇ ਮਾਇਆ ਵੱਲ ਮੂੰਹ ਰੱਖਦਾ ਹੈ ਤੇ ਇਉਂ ਖਿੜਨ ਤੇ ਵਿਗਸਣ ਦੀ ਥਾਂ ਸਦਾ ਚਿੰਤਾ ਤੇ ਦੁਬਿਧਾ ਵਿਚ ਰਹਿੰਦਾ ਹੈ। ਉਹਦਾ ਅੰਦਰ ਰੱਬ ਵਾਲੇ ਪਾਸੇ ਦੀਆਂ ਗੱਲਾਂ ਤੋਂ ਅਭਿੱਜ ਹੁੰਦਾ ਹੈ। ਜੇ ਉਸ ਨੂੰ ਚੰਗੀ ਸੰਗਤ ਵਿਚ ਰੱਖਿਆ ਵੀ ਜਾਵੇ ਤਾਂ ਵੀ ਉਹ ਸੈਲ ਪੱਥਰ ਵਾਂਗ ਕੁਝ ਵੀ ਗ੍ਰਹਿਣ ਨਹੀਂ ਕਰਦਾ। ਉਸ ਦੀਆਂ ਲੰਬੀਆਂ-ਚੌੜੀਆਂ ਵਿਚਾਰਾਂ ਸਭ ਫੋਕੀਆਂ ਤੇ ਥੋਥੀਆਂ ਹੁੰਦੀਆਂ ਹਨ ਕਿਉਂ ਜੋ ਉਸ ਦਾ ਆਪਣਾ ਕੋਈ ਆਚਾਰ ਹੀ ਨਹੀਂ ਹੁੰਦਾ:-

ਮਨਮੁਖੁ ਊਧਾ[4] ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨਿ੍ ਓਨਾ ਅੰਦਰਿ ਕੂੜੁ ਸੁਆਉ ॥

੧. ਗੁਜ਼ਰਦੀ ਹੈ ਉਮਰ।
੨. ਉਸ ਦੀ ਦਿੱਤੀ ਹੋਈ ਦਾਤ ਵਿਚ ਹੀ ਫਸਿਆ ਰਹਿੰਦਾ ਹੈ।
੩. ਪਹਿਲਾਂ ਤੋਂ ਹੀ ਜੋ ਵਾਹਿਗੁਰੂ ਵਲੋਂ ਹੁਕਮ ਲਿਖਿਆ ਹੁੰਦਾ ਹੈ, ਉਸ ਮੁਤਾਬਿਕ ਕਮਾਈ ਕਰਨੀ ਪੈਂਦੀ ਹੈ।
੪. ਪੁੱਠਾ।



ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥

(ਗੂਜਰੀ ਕੀ ਵਾਰ, ਮ: ੩-੫੧੧)

ਮਨਮੁਖ ਪਥਰੁ ਸੈਲੁ[1] ਹੈ ਧ੍ਰਿਗੁ ਜੀਵਣੁ ਫੀਕਾ ॥
ਜਲ ਮਹਿ ਕੇਤਾ ਰਾਖੀਐ ਅਭ ਅੰਤਰਿ[2] ਸੂਕਾ ॥

(ਆਸਾ ਮ: ੧-੪੧੯)

ਅਤੇ

ਕਲਰਿ[3] ਖੇਤੀ ਬੀਜੀਐ ਕਿਉ ਲਾਹਾ ਪਾਵੈ ॥
[4]ਮਨਮੁਖੁ ਸਚਿ ਨ ਭੀਜਈ [5]ਕੂੜੁ ਕੂੜਿ ਗਡਾਵੈ ॥

(ਆਸਾ ਮ: ੧-੪੧੯)

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਹਾਥੀ, ਮ੍ਰਿਗ, ਮੱਛੀ, ਪਤੰਗਾ ਤੇ ਭੌਰਾ ਇਕ-ਇਕ ਰੋਗ ਕਰਕੇ ਮਰਦੇ ਹਨ। ਹਾਥੀ ਨੂੰ ਸਪਰਸ਼ ਦਾ ਰੋਗ ਹੈ, ਮ੍ਰਿਗ ਨੂੰ ਸ਼ਬਦ ਦਾ, ਮੱਛੀ ਨੂੰ ਰਸ ਦਾ, ਪਤੰਗੇ ਨੂੰ ਰੂਪ ਦਾ ਤੇ ਭੌਰੇ ਨੂੰ ਵਾਸਨਾ ਦਾ ਰੋਗ ਚਿੰਬੜਿਆ ਹੋਇਆ ਹੈ। ਇਨ੍ਹਾਂ ਦੇ ਮੁਕਾਬਲੇ 'ਤੇ ਮਨੁੱਖ ਦੇਹੀ ਵਿਚ ਇਕੱਠੇ ਹੀ ਪੰਜ ਰੋਗ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਪਏ ਹੋਏ ਹਨ ਅਤੇ ਇਹ ਪੰਜੇ ਦੂਤ ਉਪੱਦਰ ਪੈਦਾ ਕਰਦੇ ਹਨ ਤੇ ਜੀਵ ਨੂੰ ਫਸਾ ਦਿੰਦੇ ਹਨ, ਫਿਰ ਆਸਾ ਤੇ ਮਨਸਾ ਡੈਣਾਂ ਅਤੇ ਹਰਖ ਤੇ ਸੋਗ ਇਨ੍ਹਾਂ ਪੰਜਾਂ ਰੋਗਾਂ ਨੂੰ ਹੋਰ ਵੀ ਵਧਾ ਦਿੰਦੇ ਹਨ। ਅਜਿਹੇ ਹਾਲਾਤ ਵਿਚ ਮਨਮੁਖ ਦੀ ਹਾਲਤ ਬਹੁਤ ਤਰਸਯੋਗ ਹੈ, ਉਸ ਦਾ ਬਚਾਅ ਬੜਾ ਹੀ ਮੁਸ਼ਕਲ ਹੈ। ਇਸੇ ਕਰਕੇ ਉਹ ਦੂਜੇ ਪਦਾਰਥਕ ਪਿਆਰਾਂ ਵਿਚ ਭੰਬਲ-ਭੂਸੇ ਖਾਂਦਾ ਫਿਰਦਾ ਹੈ:-

ਗਜ[6] ਮ੍ਰਿਗ[7] ਮੀਨ[8] ਪਤੰਗ[9] ਅਲਿ[10] ਇਕਤੁ ਇਕਤੁ ਰੋਗਿ ਪਚੰਦੇ ॥
ਮਾਣਸ ਦੇਹੀ ਪੰਚਿ ਰੋਗ ਪੰਜੇ ਦੂਤ ਕੁਸੂਤੁ ਕਰੰਦੇ ॥
ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ ॥
ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ ॥
ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ ॥
ਸਾਧਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ ॥
ਲੈ ਲਾਹਾ ਨਿਜਿ ਘਰਿ ਨਿਬਹੰਦੇ ॥੨੦॥

(ਵਾਰ ੫, ਪਉੜੀ ੨੦)

੧. ਚਟਾਨ।
੨. ਦਿਲ ਅੰਦਰੋਂ।
੩. ਨਖਿਧ ਜ਼ਮੀਨ ਵਿਚ ਜਿਸ ਵਿਚ ਕਿ ਕੱਲਰ ਹੋਵੇ।
੪. ਆਪਹੁਦਰਾ ਆਦਮੀ ਸੱਚ ਵਿਚ ਨਹੀਂ ਭਿੱਜਦਾ।
੫. ਕੂੜਾ (ਝੂਠਾ) ਹੈ ਅਤੇ ਝੂਠ ਵਿਚ ਖੁਭਿਆ ਰਹਿੰਦਾ ਹੈ।
੬. ਹਾਥੀ।
੭. ਹਿਰਨ।
੮. ਮੱਛੀ।
੯. ਭੰਬਟ, ਭਮੱਕੜ।
੧੦ ਭੌਰਾ।

ਮਨੁੱਖਾ-ਦੇਹੀ ਉਤਮ ਵਸਤੂ ਹੈ ਪਰ ਬੇਸਮਝੀ ਕਾਰਨ ਅਸਾਂ ਇਸ ਨੂੰ ਪਸ਼ੂ, ਪਰੇਤਾਂ ਨਾਲੋਂ ਵੀ ਮਾੜਾ ਬਣਾ ਲਿਆ ਹੈ। ਨਾ ਹੀ ਸਾਨੂੰ ਆਪ 'ਤੇ ਭਰੋਸਾ ਹੈ ਤੇ ਨਾ ਹੀ ਅਸੀਂ ਵਾਹਿਗੁਰੂ ਜੀ 'ਤੇ ਭਰੋਸਾ ਕਰਦੇ ਹਾਂ :-

**ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ[1] ਚੰਗੇਰੇ॥**
**ਹੋਇ ਸੁਚੇਤ[2] ਅਚੇਤ ਹੋਇ ਮਾਣਸੁ ਮਾਣਸੁ ਦੇ ਵਲਿ ਹੇਰੇ[3]॥**
**ਪਸੂ ਨ ਮੰਗੈ ਪਸੂ ਤੇ ਪੰਖੇਰੂ ਪੰਖੇਰੂ ਘੇਰੇ॥**
**ਚਉਰਾਸੀਹ ਲਖ ਜੂਨਿ ਵਿਚਿ ਉਤਮ ਮਾਣਸ ਜੂਨਿ ਭਲੇਰੇ॥**
**ਉਤਮ ਮਨ ਬਚ[4] ਕਰਮ ਕਰਿ ਜਨਮੁ ਮਰਣ ਭਵਜਲੁ ਲਖ ਫੇਰੇ॥**
**ਰਾਜਾ ਪਰਜਾ ਹੋਇ ਕੈ ਸੁਖ ਵਿਚ ਦੁਖੁ ਹੋਇ[5] ਭਲੇ ਭਲੇਰੇ॥**
**ਕੁਤਾ ਰਾਜ ਬਹਾਲੀਐ ਚਕੀ ਚਟਣ ਜਾਇ ਅਨ੍ਹੇਰੇ॥**
**ਗੁਰ ਪੂਰੇ ਵਿਣੁ ਗਰਭ ਵਸੇਰੇ ॥੧੯॥**

(ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੧੯)

ਅਰਥਾਤ ਮਨਮੁਖ ਦੀ ਮਨੁੱਖ-ਦੇਹੀ ਨਾਲੋਂ ਅਚੇਤ ਪਸ਼ੂ ਅਤੇ ਪ੍ਰੇਤ ਚੰਗੇਰੇ ਹਨ ਕਿਉਂ ਜੋ ਮਨੁੱਖ ਸਿਆਣਾ ਹੋ ਕੇ ਫਿਰ ਅਚੇਤ ਹੋ ਬੈਠਦਾ ਹੈ ਅਤੇ ਮਨੁੱਖ ਹੋ ਕੇ ਵੀ ਕਿਸੇ ਹੋਰ ਮਨੁੱਖ ਦੀ ਆਸ ਰੱਖਦਾ ਹੈ ਤੇ *'ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ'* ਵਾਲੀ ਗੱਲ ਨੂੰ ਨਹੀਂ ਸਮਝਦਾ। ਵੇਖੋ ਪਸ਼ੂ, ਪਸ਼ੂ ਅੱਗੇ ਵੀ ਹੱਥ ਨਹੀਂ ਅੱਡਦਾ; ਪੰਛੀ, ਪੰਛੀ ਨੂੰ ਨਹੀਂ ਘੋਰਦਾ ਭਾਵ ਇਕ ਦੂਜੇ ਦੀ ਆਸ ਨਹੀਂ ਕਰਦੇ। ਚੌਰਾਸੀ ਲੱਖ ਜੂਨੀਆਂ ਵਿਚੋਂ ਮਾਣਸ ਜੂਨੀ ਉਤਮ ਅਤੇ ਦੁਰਲਭ ਹੈ ਪਰ ਇਹ ਮਨ ਕਰਕੇ, ਬਚਨਾਂ ਕਰਕੇ ਤੇ ਕਰਮ ਕਰਨ ਕਰਕੇ ਉਤਮ ਹੈ ਪਰੰਤੂ ਇਹ ਇਨ੍ਹਾਂ ਤੋਂ ਲਾਭ ਨਹੀਂ ਲੈਂਦਾ ਤੇ ਇਸ ਦੇ ਨਾਲ ਮਨਮੁਖ ਹੋਣ ਕਰਕੇ ਸੰਸਾਰ ਸਾਗਰ ਵਿਚ ਜਨਮ ਮਰਨ ਦੇ ਲੱਖਾਂ ਫੇਰਾਂ 'ਚ ਪਿਆ ਰਹਿੰਦਾ ਹੈ। ਭਾਵੇਂ ਰਾਜਾ ਹੋਵੇ ਤੇ ਭਾਵੇਂ ਪਰਜਾ, ਜੋ ਨਾਮ ਨਹੀਂ ਜਪਦਾ, ਉਹ ਸੁਖ 'ਚ ਵੀ ਦੁਖੀ ਹੁੰਦਾ ਹੈ। ਇਸ ਦੇ ਮੁਕਾਬਲੇ 'ਤੇ ਨਾਮ ਜਪਣ ਵਾਲਾ ਦੁਖ ਵਿਚ ਸੁਖ ਮਨਾਉਂਦਾ ਹੈ ਅਤੇ ਇਉਂ ਦੂਜਿਆਂ ਨਾਲੋਂ ਸੁਖੀ ਹੈ। ਕੁੱਤੇ ਨੂੰ ਜੇ ਰਾਜ 'ਤੇ ਬਿਠਾ ਦੇਈਏ ਤਾਂ ਵੀ ਉਹ ਰਾਤ ਨੂੰ ਚੱਕੀ ਚੱਟਣ ਨੂੰ ਜਾਵੇਗਾ ਤਿਵੇਂ ਹੀ ਉਤਮ ਜਨਮ ਵਾਲਾ ਮਨੁੱਖ ਜਦ ਮਨਮੁਖ ਹੋ ਜਾਂਦਾ ਹੈ ਤਦ ਰਾਜ, ਰੂਪ, ਗੁਣ ਤੇ ਦਾਤਾਂ, ਜੋ ਪਰਮੇਸ਼ਰ ਨੇ ਦੇਹੀ 'ਚ ਰੱਖੀਆਂ ਹਨ, ਉਨ੍ਹਾਂ ਤੋਂ ਪਰਮ ਸੁਖ ਭੋਗਣ ਦੀ ਥਾਵੇਂ ਵਿਸ਼ੇ-ਵਿਕਾਰਾਂ ਦੀ ਚੱਕੀ ਚੱਟਣ ਜਾਂਦਾ ਹੈ, ਜਿਸ ਦਾ ਫਲਰੂਪ ਦੁਖ ਪੈਦਾ ਹੁੰਦੇ ਹਨ।

ਜੀਵ ਦੇ ਅਉਗਣ ਜੀਵ ਦਾ ਹਉਮੈ ਵਾਲਾ ਵੱਖਰਾ ਆਪਾ ਬਣਾਉਂਦੇ ਹਨ

---

੧. ਅਗਿਆਨੀ, ਜਿਨ੍ਹਾਂ ਨੂੰ ਬੁੱਧੀ ਆਦਿ ਦੀ ਚੇਤਨਤਾ ਨਹੀਂ ਹੁੰਦੀ।
੨. ਬੁੱਧੀ ਵਾਲੇ।
੩. ਤੱਕਣਾ।
੪. ਬਚਨ।
੫. ਵੱਡਿਆਂ ਤੋਂ ਵੱਡੇ, ਚੰਗੇਰੇ।



ਤੇ ਇਸ ਨੂੰ ਪ੍ਰਭੂ ਆਪੇ ਨਾਲੋਂ ਵਿਛੋੜਦੇ ਹਨ। ਇਸ ਦੇ ਉਲਟ ਗੁਣ ਸਭ ਪ੍ਰਭੂ ਦੇ ਹੁੰਦੇ ਹਨ। (ਸਭਿ ਗੁਣ ਤੇਰੇ ਮੈ ਨਾਹੀ ਕੋਇ॥) ਤੇ ਇਨ੍ਹਾਂ ਦੇ ਅੰਦਰ ਵੱਸਣ ਨਾਲ ਪ੍ਰਭੂ-ਆਪਾ ਬਣਦਾ ਹੈ ਤੇ ਇਉਂ ਪ੍ਰਭੂ ਨਾਲ ਮੇਲ ਹੁੰਦਾ ਹੈ। ਪ੍ਰਭੂ-ਭਗਤੀ ਵੀ ਗੁਣਾਂ ਤੋਂ ਬਿਨਾਂ ਨਹੀਂ ਹੁੰਦੀ (ਵਿਣੁ ਗੁਣ ਕੀਤੇ ਭਗਤਿ ਨ ਹੋਇ॥)

ਇਸ ਸਬੰਧ ਵਿਚ ਮਨਮੁਖ ਜੀਵ-ਆਤਮਾ ਦੀ ਹਾਲਤ ਬਹੁਤ ਤਰਸਯੋਗ ਹੈ। ਭਾਈ ਗੁਰਦਾਸ ਜੀ ਮਨਮੁਖ ਜੀਵ ਦੇ ਮੋਟੇ-ਮੋਟੇ ਵੀਹ ਔਗੁਣ ਗਿਣਦੇ ਹਨ ਅਤੇ ਫਿਰ ਕਹਿੰਦੇ ਹਨ ਕਿ ਇੰਨੇ ਔਗੁਣਾਂ ਵਾਲੇ ਦੀ ਕੌਣ ਰੱਖਿਆ ਕਰ ਸਕਦਾ ਹੈ ਅਰਥਾਤ ਕੋਈ ਦੁਨਿਆਵੀ ਜੀਵ ਤਾਂ ਅਜਿਹੇ ਬੰਦੇ ਦਾ ਰਖਣਹਾਰਾ ਨਹੀਂ ਹੋ ਸਕਦਾ ਤਾਂ ਤੇ ਉਸ ਨੂੰ ਆਪਣੇ ਆਪ ਨੂੰ ਨਿਆਸਰਾ ਸਮਝਦੇ ਹੋਏ ਸਤਿਗੁਰੂ ਦੀ ਸ਼ਰਣ ਲੈ ਲੈਣੀ ਚਾਹੀਦੀ ਹੈ ਕਿਉਂਕਿ ਉਹੋ ਹੀ ਬਖ਼ਸ਼ਿੰਦ ਹੈ :-

**ਹਉ ਅਪਰਾਧੀ[1] ਗੁਨਹਗਾਰ ਹਉ ਬੇਮੁਖ ਮੰਦਾ॥**
**ਚੋਰੁ ਜਾਰੁ ਜੁਆਰਿ[2] ਹਉ ਪਰ ਘਰਿ ਜੋਹੰਦਾ॥**
**ਨਿੰਦਕੁ[3] ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥**
**ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ॥**
**[4]ਬਿਸਾਸਘਾਤੀ ਅਕਿਰਤਘਣ[5] ਮੈ ਕੋ ਨ ਰਖੰਦਾ॥**
**[6]ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥੨੧॥੩੬॥**

(ਵਾਰ ੩੬, ਪਉੜੀ ੨੧)

ਪਰ ਸਤਿਗੁਰੂ ਜੀ ਇੰਨੇ ਦਿਆਲੂ ਹਨ ਕਿ ਉਹ ਗਿਣਤੀਆਂ-ਮਿਣਤੀਆਂ ਵਿਚ ਨਹੀਂ ਪੈਂਦੇ, ਲੇਖਾ ਨਹੀਂ ਕਰਦੇ। ਜੀਵ ਨੂੰ ਮੂਲੋਂ ਹੀ ਬਖ਼ਸ਼ ਦਿੰਦੇ ਹਨ। ਜਦੋਂ ਉਹ ਮਿਹਰ-ਦ੍ਰਿਸ਼ਟੀ ਕਰਦੇ ਹਨ ਤਾਂ ਖਿਨ 'ਚ ਮਨਮੁਖ ਤੋਂ ਗੁਰਮੁਖ ਕਰ ਦਿੰਦੇ ਹਨ ਤੇ ਮਨੁੱਖ ਤੋਂ ਦੇਵਤਾ ਬਣਾ ਦਿੰਦੇ ਹਨ :-

**ਬਲਿਹਾਰੀ ਗੁਰ ਆਪਣੇ [7]ਦਿਉਹਾੜੀ ਸਦ ਵਾਰ॥**
**ਜਿਨਿ ਮਾਣਸ ਤੇ ਦੇਵਤੇ ਕੀਏ [8]ਕਰਤ ਨ ਲਾਗੀ ਵਾਰ॥੧॥**

(ਆਸਾ ਦੀ ਵਾਰ, ਸਲੋਕ ਮਃ ੧-੪੬੨)

## ੨. ਗੁਰਮੁਖ

'ਗੁਰਮੁਖ' ਪਦ ਦੇ ਅਰਥ 'ਸ੍ਰੀ ਗੁਰੂ ਗ੍ਰੰਥ ਕੋਸ਼' ਅਨੁਸਾਰ ਇਹ ਹਨ :-

(੧) 'ਗੁਰੂ ਦੀ ਦੀਖਯਾ ਵਾਲਾ, ਗੁਰੂ ਵੱਲ ਸਨਮੁਖ'

---

੧. ਕਸੂਰਵਾਰ (ਗ਼ਲਤੀਆਂ ਕਰਨ ਵਾਲਾ)।
੨. ਜੁਆਰੀਆ।
੩. ਦੂਜਿਆਂ ਦੀ ਨਿੰਦਾ ਕਰਨ ਵਾਲਾ।
੪. ਵਿਸਾਹਘਾਤੀ।
੫. ਕਿਸੇ ਦੇ ਉਪਕਾਰ ਨੂੰ ਭੁਲਾਉਣ ਵਾਲਾ (ਕੀਤੀ ਨੂੰ ਨਾ ਜਾਣਨ ਵਾਲਾ)।
੬. ਹੇ ਮੁਰੀਦ ਢਾਢੀ (ਜੱਸ ਕਰਨ ਵਾਲੇ ਸਿੱਖ) ਅਜਿਹੇ ਸਤਿਗੁਰੂ ਨੂੰ ਯਾਦ ਕਰਨ ਵਾਲੇ।
੭. ਦਿਨ ਵਿਚ ਸੌ ਵਾਰੀ।
੮. ਅਤੇ ਇਉਂ ਕਰਦਿਆਂ ਦੇਰ ਨਹੀਂ ਲੱਗੀ।

ਯਥਾ:-

**'ਗੁਰਮੁਖ ਸਨਮੁਖ ਮਨਮੁਖ ਵੇ ਮੁਖੀਆ ॥'**

(੨) ਨਾਮ-ਪ੍ਰਾਪਤ, ਨਾਮ ਜਪਣ ਵਾਲਾ, ਨਾਮ-ਰਸੀਆ ਤੇ ਨਾਮ ਵਿਚ ਲਿਵ ਵਾਲਾ ਜਿਸ ਨੇ ਮਨ ਜਿੱਤ ਲਿਆ ਹੋਵੇ ਤੇ ਜੋ ਗੁਰੂ ਦੀ ਸਿੱਖਿਆ 'ਤੇ ਚੱਲ ਰਿਹਾ ਹੋਵੇ।'

ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਪਾਤਸ਼ਾਹੀਆਂ ਦੀ ਦੇਹ ਸਮਝਦੇ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕ ਕੇ, ਤਨ, ਮਨ ਅਤੇ ਧਨ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਕਰਦੇ ਹਨ ਤੇ ਇਸ ਤਰ੍ਹਾਂ ਇਸੇ ਦੀ ਸ਼ਰਨ ਨੂੰ ਪ੍ਰਾਪਤ ਹੁੰਦੇ ਹਨ ਅਤੇ ਇਸੇ ਗੁਰੂ ਦੇ ਹੁਕਮਾਂ ਉਤੇ ਵਿਕ ਜਾਂਦੇ ਹਨ। ਨਾਮ ਜਪਣ ਦੇ ਮੁਖ ਹੁਕਮ ਤੋਂ ਇਲਾਵਾ ਹੋਰ ਜੋ-ਜੋ ਹੁਕਮ ਗੁਰੂ ਕਰਦਾ ਹੈ, ਉਨ੍ਹਾਂ ਸਭਨਾਂ ਦੀ ਪਾਲਣਾ ਕਰਦੇ ਹਨ ਤੇ ਇਉਂ ਆਪਣਾ ਮੁਖ ਸਦਾ ਗੁਰੂ ਵੱਲ ਰੱਖਦੇ ਹਨ ਤੇ ਕਦੇ ਇਸ ਨੂੰ ਪਿੱਠ ਨਹੀਂ ਵਿਖਾਉਂਦੇ। ਤਨ, ਮਨ ਤੇ ਧਨ ਦੇਣ ਤੋਂ ਬਾਅਦ ਫਿਰ ਉਹ ਆਪਣਾ ਕੁਝ ਵੀ ਨਹੀਂ ਸਮਝਦੇ। ਗੁਰੂ-ਪਿਆਰ ਨੂੰ ਹੀ ਮੁਖ ਰੱਖਦੇ ਹਨ ਤੇ ਹੋਰ ਸਾਰੀਆਂ ਖਿੱਚਾਂ ਮੇਟ ਕੇ ਦੂਜੇ ਭਾਵ ਦਾ ਅੰਤ ਕਰ ਦਿੰਦੇ ਹਨ। *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥* ਕਰ ਕੇ ਜਾਣਦੇ ਹਨ ਤੇ ਇਸ ਸਰੀਰ ਵਿਚ ਨਾਮ-ਵੱਖਰ ਦਾ ਆਪਣੇ ਮਨ ਵਣਜਾਰੇ ਦੁਆਰਾ ਵਪਾਰ ਕਰਦੇ ਹਨ। ਉਨ੍ਹਾਂ ਅੰਦਰ ਗੁਰੂ ਦਾ ਭੈ ਜਾਗ ਪੈਂਦਾ ਹੈ ਜੋ ਉਨ੍ਹਾਂ ਦੇ ਅਵਗੁਣ ਸਾਰੇ ਮੇਟ ਦਿੰਦਾ ਹੈ ਤੇ ਉਨ੍ਹਾਂ ਦੀ ਸੁਰਤ ਨੂੰ ਆਤਮ ਹੁਲਾਰਿਆਂ ਵਿਚ ਪ੍ਰਵਿਰਤ ਕਰਵਾ ਦਿੰਦਾ ਹੈ। ਭਾਈ ਗੁਰਦਾਸ ਜੀ ਇਸ ਦਾ ਨਕਸ਼ਾ ਇਉਂ ਖਿਚਦੇ ਹਨ:-

**ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ[1] ॥**
**ਦੂਜਾ ਭਾਉ ਮਿਟਾਇ ਇਕੁ ਧਿਆਇਆ ॥**
**ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ ॥**
**ਸਾਧਸੰਗਤਿ ਚਲਿ ਜਾਇ ਸੀਸੁ ਨਿਵਾਇਆ ॥**
**ਗੁਰਮੁਖਿ ਕਾਰ ਕਮਾਇ ਸੁਖ ਫਲੁ ਪਾਇਆ ॥**
**[2]ਪਿਰਮ ਪਿਆਲਾ ਪਾਇ ਅਜਰੁ ਜਰਾਇਆ ॥੪॥**

(ਵਾਰ ੨੦, ਪਉੜੀ ੪)

ਅਤੇ

**ਗੁਰਮੁਖਿ[3] ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ[4] ਘੜਾਵੈ ॥**
**ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ ॥**

੧. ਜਣਾਇਆ।
੨. ਪ੍ਰੇਮ ਦਾ ਪਿਆਲਾ ਪੀ ਕੇ ਨਾ-ਜਰੇ ਜਾਣ ਵਾਲੇ ਵਾਹਿਗੁਰੂ ਨੂੰ ਅੰਦਰ ਸਮਾ ਕੇ ਜਰ ਜਾਂਦਾ ਹੈ।
੩. ਗੁਰੂ-ਅਨੁਸਾਰੀ।
੪. ਅਸਾਧ ਮਨ ਨੂੰ।



**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥**

(ਰਾਮਕਲੀ ਮ: ੧, ਸਿਧ ਗੋਸਟਿ-੯੪੧)

ਗੁਰੂ ਦੇ ਅਨੁਸਾਰੀ (ਗੁਰਮੁਖ) ਹੋ ਕੇ ਚੱਲਣ ਵਾਲੇ ਗੁਰਸਿੱਖ ਦੀ ਪੂਰਨ ਤ੍ਰਿਪਤੀ ਹੋ ਜਾਂਦੀ ਹੈ। ਉਹ ਸਭ ਗਿਆਨ ਧਿਆਨ ਜਾਣ ਜਾਂਦਾ ਹੈ ਅਤੇ ਜੋ ਵੇਦਾਂ ਆਦਿ ਦੀ ਵਿਚਾਰ ਕਰਨ ਨਾਲ ਗਿਆਨ ਪ੍ਰਾਪਤ ਹੁੰਦਾ ਹੈ ਉਹ ਵੀ ਇਸ ਦੇ ਅੰਦਰਲੇ ਗਿਆਨ ਵਿਚ ਹੀ ਆ ਜਾਂਦਾ ਹੈ। ਗੁਰੂ ਦੁਆਰਾ ਮਨ ਦੀ ਨਿਸ਼ਾ ਹੋਣ ਨਾਲ ਹੀ ਇਹ ਸ਼ਬਦ ਦੀ ਕਮਾਈ ਕਰ ਕੇ ਤਰ ਜਾਂਦਾ ਹੈ ਤੇ ਅਲੱਖ ਵਾਹਿਗੁਰੂ ਨੂੰ ਲਖ ਲੈਂਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਇਸ ਨੂੰ ਗੁਰਬਾਣੀ ਤੇ ਨਾਮ ਵਾਲਾ ਜੀਵਨ ਮਿਲਦਾ ਹੈ, ਜਿਸ ਨਾਲ ਇਸ ਦੀ ਹਉਮੈ, ਵੱਖਰੇ ਹੋਣ ਦੇ ਅਹਿਸਾਸ (ਅਨੁਭਵ) ਦਾ ਨਾਸ਼ ਹੁੰਦਾ ਹੈ :-

**ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥**
**ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥**
**ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥**

(ਰਾਮਕਲੀ ਮ: ੧, ਸਿਧ ਗੋਸਟਿ-੯੪੧)

ਅਤੇ

**ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥**
**[1]ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥**

(ਰਾਮਕਲੀ ਮ: ੧, ਸਿਧ ਗੋਸਟਿ-੯੪੧)

ਗੁਰਮੁਖਿ ਨੂੰ ਉਨ੍ਹਾਂ ਸਾਰੀਆਂ ਰਿੱਧੀਆਂ-ਸਿੱਧੀਆਂ, ਜਿਨ੍ਹਾਂ ਮਗਰ ਜੋਗੀ ਲੋਕ ਉਮਰਾਂ ਬਤੀਤ ਕਰ ਦਿੰਦੇ ਹਨ, ਪ੍ਰਾਪਤ ਹੁੰਦੀਆਂ ਹਨ ਪਰ ਉਸ ਦਾ ਵਰਤਾਰਾ ਪੂਰਨ ਅਤੀਤਾਂ ਵਰਗਾ ਹੁੰਦਾ ਹੈ। ਉਹ ਪ੍ਰਵਿਰਤੀ ਅਤੇ ਨਿਰਵਿਰਤੀ ਦੀ ਜੁਗਤ ਨੂੰ ਪਛਾਣਦਾ ਹੁੰਦਾ ਹੈ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਕਿਹੜੀ ਚੀਜ਼ ਚੰਗੀ ਹੈ ਤੇ ਕਿਹੜੀ ਮੰਦੀ। ਇਸ ਕਰਕੇ ਉਹ 'ਹੁਕਮ' ਦੀ ਸੇਧ 'ਤੇ ਰਹਿੰਦਾ ਹੈ। ਹੁਕਮ ਵਿਚੋਂ ਨਿਕਲਣਾ ਤੇ ਵੱਖਰੇ ਅਹਿਸਾਸ (ਅਨੁਭਵ) ਵਿਚ ਆਉਣਾ ਮੌਤ ਸਮਝਦਾ ਹੈ। ਇਸੇ ਕਰਕੇ ਹੀ ਉਹ ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਮਨ ਕਰਕੇ ਪੂਰਨ ਨਿਰਲੇਪ ਹੁੰਦਾ ਹੈ ਅਤੇ ਸੱਚੇ ਵਾਹਿਗੁਰੂ ਦੀ ਹਮੇਸ਼ਾ ਸੁਧ ਰੱਖਦਾ ਹੈ:-

**ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ [2]ਸਚ ਸੁਧੀ ॥**
**ਗੁਰਮੁਖਿ ਸਰ[3] ਅਪਸਰ ਬਿਧਿ ਜਾਣੈ ॥ ਗੁਰਮੁਖਿ [4]ਪਰਵਿਰਤਿ ਨਰਵਿਰਤਿ ਪਛਾਣੈ ॥**

(ਰਾਮਕਲੀ ਮ: ੧, ਸਿਧ ਗੋਸਟਿ-੯੪੧)

ਗੁਰਮੁਖਿ, ਸ਼ਬਦ ਦੀ ਕਮਾਈ ਕਰਕੇ ਆਤਮ ਨੂੰ ਚੀਨਦਾ ਹੈ। ਉਸ ਦੀ

੧. ਸ਼ਬਦ ਦੁਆਰਾ ਵਿੰਨ੍ਹੇ ਜਾਣ 'ਤੇ।
੨. ਸੱਚ ਦੀ ਸੁੱਧ ਹੋਣੀ।
੩. ਚੰਗੇ-ਮੰਦੇ ਦੀ ਪਛਾਣ।
੪. ਗ੍ਰਿਹਣ ਅਤੇ ਤਿਆਗ ਕਰਨ ਦੀ ਜੁਗਤੀ ਜਾਣਦਾ ਹੈ।

ਸਾਰੀ ਕਰਨੀ ਤੇ ਘਾਲ ਇਸੇ ਮੇਲ ਲਈ ਹੁੰਦੀ ਹੈ ਅਤੇ ਇਹ ਮੇਲ ਉਦੋਂ ਹੁੰਦਾ ਹੈ ਜਦੋਂ ਉਸ ਦੀ ਆਤਮਾ ਅੰਦਰ ਸ਼ਬਦ-ਧੁਨ ਪੂਰਨ ਰੂਪ ਵਿਚ ਉਠ ਖੜੋਂਦੀ ਹੈ। ਆਤਮਾ ਦੀ ਪਛਾਣ ਨਾਲ ਇਸ ਦੀ ਸਭ ਦੁਬਿਧਾ ਮਰ ਜਾਂਦੀ ਹੈ ਤੇ ਇਹ ਨਿਰੰਕਾਰੀ ਬਣ ਜਾਂਦਾ ਹੈ:-

**ਗੁਰਮੁਖਿ ਰਾਗ ਸੁਆਦ ਅਨ[1] ਤਿਆਗੇ ॥**
**ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥**
**ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥**
**ਆਤਮੁ ਚੀਨ੍ਹਿ[2] ਭਏ ਨਿਰੰਕਾਰੀ ॥**

(ਆਸਾ ਮ: ੧-੪੧੫)

ਇਸ ਅਵਸਥਾ ਵਿਚ ਇਹ ਤਿੰਨਾਂ ਭਵਨਾਂ ਦੀ ਸੋਝੀ ਦੇ ਮਾਲਕ ਹੁੰਦੇ ਹਨ:-

**ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥**
**ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥**

(ਰਾਮਕਲੀ ਮ: ੧, ਸਿਧ ਗੋਸਟਿ-੯੪੨)

ਭਾਈ ਗੁਰਦਾਸ ਜੀ ਗੁਰਮੁਖ-ਅਵਸਥਾ ਦਾ ਦਰਸ਼ਨ ਇਉਂ ਕਰਾਉਂਦੇ ਹਨ:-

**ਗੁਰਮੁਖਿ ਪਿਰਮੁ ਚਖਾਇਆ ਭੁਖ ਨ ਖਾਣੁ ਪੀਅਣੁ ਅੰਨੁ ਪਾਣੀ ॥**
**ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ ਰੈਣਿ ਵਿਹਾਣੀ ॥**
**ਸਾਹੇ ਬਧੇ ਸੋਹਦੇ ਮੈਲਾਪੜ ਪਰਵਾਣੁ ਪਰਾਣੀ ॥**
**ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ ॥**
**ਸਚੁ ਵਣਜਿ ਖੇਪ ਲੈ ਚਲੇ ਗੁਰਮੁਖਿ ਗਾਡੀ ਰਾਹੁ ਨੀਸਾਣੀ ॥**
**ਹਲਤਿ ਪਲਤਿ ਮੁਖ ਉਜਲੇ ਗੁਰਸਿਖਿ ਗੁਰਸਿਖਾਂ ਮਨਿ ਭਾਣੀ ॥**
**ਸਾਧਸੰਗਤਿ ਵਿਚਿ ਅਕਥ ਕਹਾਣੀ ॥੧੨॥**

(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੨)

ਅਰਥਾਤ ਗੁਰਮੁਖਾਂ ਨੇ ਪ੍ਰੇਮ-ਰਸ ਨੂੰ ਚਾਖਿਆ ਹੈ ਇਸ ਲਈ ਉਨ੍ਹਾਂ ਨੂੰ ਹੋਰ ਅੰਨ-ਪਾਣੀ ਦੇ ਖਾਣ-ਪੀਣ ਦੀ ਤ੍ਰਿਸ਼ਨਾ ਨਹੀਂ ਰਹੀ। ਸ਼ਬਦ ਸੁਰਤ ਦਾ ਮੇਲ ਹੋ ਜਾਣ ਕਰਕੇ ਅਵਿਦਿਆ ਦੀ ਨੀਂਦਰ ਵੀ ਉਘੜ ਗਈ ਹੈ ਅਤੇ ਹੁਣ ਨਾਮ ਵਿਚ ਜਾਗਦੇ ਹੋਏ ਅਵਸਥਾ ਰੂਪੀ ਰਾਤ ਨੂੰ ਸੁਖ ਨਾਲ ਬਤੀਤ ਕਰ ਰਹੇ ਹਨ। ਮੌਤ ਰਾਣੀ ਨੂੰ ਪਰਨਾਉਣ ਲਈ ਉਨ੍ਹਾਂ ਨੇ ਗਾਨੇ ਬੱਧੇ ਹੋਏ ਹਨ ਤੇ ਇਉਂ ਉਹ ਲਾੜੇ ਵਾਂਙੂ ਵੇਖਣ ਵਿਚ ਬਹੁਤ ਸੁੰਦਰ ਲੱਗਦੇ ਹਨ। ਉਹ ਭਾਵੇਂ ਮੈਲੇ ਕੱਪੜੇ ਆਦਿ ਵੀ ਕਿਉਂ ਨਾ ਪਾਈ ਰੱਖਣ ਉਹ ਸਾਰੇ ਲੋਕਾਂ ਨੂੰ ਪਰਵਾਨ ਹੁੰਦੇ ਹਨ। *ਜਿਨ ਪਟੁ ਅੰਦਰਿ ਬਾਹਰਿ ਗੁਦੜ ਤੇ ਭਲੇ ਸੰਸਾਰਿ* ਵਾਲੀ ਗੱਲ ਹੁੰਦੀ ਹੈ। ਉਹ ਪੂਰਨ ਗਿਆਨਵਾਨ ਹੋ ਕੇ ਚੱਲਦੇ ਹਨ ਕਿਉਂ ਜੋ ਉਹ ਸਮਝਦੇ ਹੁੰਦੇ ਹਨ ਕਿ

---

੧. ਹੋਰ ਦੂਜੇ। ੨. ਪਛਾਣ ਕੇ।



ਜਗਤ ਦੀ ਪ੍ਰਾਹੁਣਚਾਰੀ ਵਿਖੇ ਉਹ ਪ੍ਰਾਹੁਣੇ ਦੇ ਤੌਰ 'ਤੇ ਹੀ ਆਏ ਹੋਏ ਹਨ। ਨਾਮ ਰੂਪੀ ਸੱਚੇ ਵਣਜ ਦੀ ਖੇਪ ਨੂੰ ਉਹ ਅੰਤ ਸਮੇਂ ਆਪਣੇ ਨਾਲ ਲੈ ਜਾਂਦੇ ਹਨ। ਗੁਰਮੁਖਾਂ ਦੇ ਗਾਡੀ-ਰਾਹ ਦੀ ਇਹੋ ਨਿਸ਼ਾਨੀ ਹੈ। ਉਨ੍ਹਾਂ ਦੇ ਮੁਖ ਲੋਕ-ਪ੍ਰਲੋਕ ਦੋਹਾਂ ਵਿਖੇ ਉਜਲੇ ਹੁੰਦੇ ਹਨ ਕਿਉਂ ਜੋ ਉਨ੍ਹਾਂ ਦੇ ਮਨ ਨੂੰ ਗੁਰ-ਸਿਖਿਆ ਪਿਆਰੀ ਲੱਗੀ ਹੁੰਦੀ ਹੈ। ਸਾਧਸੰਗਤ ਦੀ ਪ੍ਰਾਪਤੀ ਕਰ ਕੇ ਹੀ ਉਕਤ ਅਕਥ ਕਹਾਣੀ ਵਾਪਰਦੀ ਹੈ।

ਗੁਰਮੁਖ, ਮਨ ਕਰਕੇ ਇੰਨਾ ਉੱਚਾ ਹੁੰਦਾ ਹੋਇਆ ਵੀ 'ਸਗਲ ਕੀ ਰੇਣ' ਹੁੰਦਾ ਹੈ। ਸਭ ਵਿਚ ਹਰੀ ਪਰਮਾਤਮਾ ਨੂੰ ਵੇਖਦਾ ਹੈ ਤੇ ਆਪਣਾ ਰੂਪ ਕਰ ਕੇ ਜਾਣਦਾ ਹੈ:-

**ਹਿਰਦੈ ਸੁਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ[1] ॥**
**ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥**

(ਗਉੜੀ ਮ: ੩-੨੩੨)

ਗੁਰਮੁਖ ਹੁਕਮ ਤੇ ਰਜ਼ਾ ਵਿਚ ਚੱਲਣ ਦਾ ਇਕ ਅਦਭੁਤ ਨਮੂਨਾ ਹੈ। ਉਸ ਦੇ ਜੀਵਨ ਦੀ ਸਾਰੀ ਉਸਾਰੀ ਗੁਰੂ-ਹੁਕਮਾਂ ਨੂੰ ਮੰਨ ਮੰਨ ਕੇ ਹੋਈ ਹੁੰਦੀ ਹੈ ਤੇ ਉੱਚ-ਮੰਡਲਾਂ ਦੀਆਂ ਉਡਾਰੀਆਂ ਸਮੇਂ ਉਸ ਨੇ ਅੰਦਰਲੇ ਹੁਕਮਾਂ ਦੀ ਟੇਕ ਫੜੀ ਹੁੰਦੀ ਹੈ ਤੇ ਉਹ ਹੀ ਸਹਜ-ਆਨੰਦ ਵਿਚ ਉਨ੍ਹਾਂ ਇਲਾਹੀ ਹੁਕਮਾਂ ਦੀ ਟੋਰ ਚੱਲਦਾ ਹੈ। ਉਸ ਨੂੰ ਦਿੱਸ ਪੈਂਦਾ ਹੈ ਕਿ 'ਹਾਜ਼ਰ ਹਜ਼ੂਰ' ਪ੍ਰਭੂ ਦਾ ਹੀ ਸਾਰਾ ਹੁਕਮ ਚੱਲ ਰਿਹਾ ਹੈ ਉਹ ਆਪ ਹੀ ਆਪੇ ਦੀ ਖੇਡ, ਖੇਡ ਰਿਹਾ ਹੈ ਅਤੇ ਇਸ ਖੇਡ ਵਿਚੋਂ ਉਹ ਵੀ ਨਿਖੜ ਨਹੀਂ ਸਕਦੇ ਹੁੰਦੇ ਤੇ ਸਿਰ ਨਿਵਾ ਕੇ ਇਸ ਹੁਕਮੀ ਕਾਰ ਵਿਚ ਤੁਰੇ ਰਹਿੰਦੇ ਹਨ:-

**ਬੋਲਹਿ ਸਾਚੁ ਮਿਥਿਆ ਨਹੀ ਰਾਈ[2] ॥**
**ਚਾਲਹਿ ਗੁਰਮੁਖਿ ਹੁਕਮਿ ਰਜਾਈ ॥**
**ਰਹਹਿ ਅਤੀਤ[3] ਸਚੇ ਸਰਣਾਈ ॥੧॥**
**ਸਚ ਘਰਿ ਬੈਸੈ ਕਾਲੁ ਨ ਜੋਹੈ ॥**
**ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥**
**ਅਪਿਉ ਪੀਅਉ ਅਕਥੁ ਕਥਿ ਰਹੀਐ ॥**
**ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥**
**ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥**
**ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥**
**ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥**

---

੧. ਗੁਣਾਂ ਦਾ ਖਜ਼ਾਨਾ।
੨. ਜ਼ਰਾ ਵੀ, ਰਤਾ ਭਰ ਵੀ।
੩. ਵਿਰੱਕਤ, ਨਿਰਲੇਪ।

ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥
ਸਤਿਗੁਰੁ ਦੇਖਿਆ ਦੀਖਿਆ[1] ਲੀਨੀ ॥
ਮਨੁ ਤਨੁ ਅਰਪਿਓ [2]ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥

(ਗਉੜੀ ਮ: ੧-੨੨੭)

ਅਤੇ

ਜਬ ਲਗੁ ਹੁਕਮ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥

(ਆਸਾ ਮ: ੫-੪੦੦)

ਅਤੇ

ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥

(ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ-੧੩੫੦)

ਇਹ ਗੱਲ ਕਿ ਕਿਵੇਂ ਗੁਰਮੁਖ ਸਭ ਕੁਝ ਜਾਣਦੇ ਹੋਏ ਭਾਣੇ ਨੂੰ ਨਹੀਂ ਉਲਟਾਉਂਦੇ ਤੇ ਰਜ਼ਾ ਵਿਚ ਰਹਿ ਕੇ ਕਰੜੇ ਤੋਂ ਕਰੜਾ ਹੁਕਮ ਵੀ ਖ਼ੁਸ਼ੀ-ਖ਼ੁਸ਼ੀ ਮੰਨ ਜਾਂਦੇ ਹਨ, ਵੇਖਣ ਲਈ ਸਾਨੂੰ ਭਾਈ ਭਿਖਾਰੀ ਜੀ ਦੇ ਦਰਸ਼ਨ ਕਰਨ ਦੀ ਲੋੜ ਹੈ। ਇਕ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਸ਼ਾਮ ਦੇ ਦੀਵਾਨ ਵਿਚ ਉਪਦੇਸ਼ ਕਰ ਰਹੇ ਸਨ। ਉਪਦੇਸ਼ ਸਮੇਂ ਗੁਰਮੁਖ ਤੇ ਮਨਮੁਖ ਦੀ ਚਰਚਾ ਸ਼ੁਰੂ ਹੋ ਗਈ। ਸਤਿਗੁਰੂ ਜੀ ਨੇ ਗੁਰਮੁਖ ਸਿੱਖ ਦੀ ਬਹੁਤ ਵਡਿਆਈ ਕੀਤੀ। ਇਸ ਚਰਚਾ ਨੂੰ ਸੁਣ ਕੇ ਪਿਸ਼ਾਵਰ ਦੇ ਇਕ ਸਿੱਖ ਭਾਈ ਗੁਰਮੁਖ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ, 'ਸੱਚੇ ਪਾਤਿਸ਼ਾਹ ਜੀ! ਮੈਨੂੰ ਅਜਿਹੇ ਸਿੱਖ ਦੇ ਦਰਸ਼ਨ ਕਰਾਏ ਜਾਣ ਜੋ ਗੁਰਮੁਖ ਹੋ।' ਤਾਂ ਸਤਿਗੁਰੂ ਜੀ ਨੇ ਫ਼ੁਰਮਾਇਆ, 'ਚੰਗੀ ਗੱਲ ਹੈ, ਪੁਰਸ਼ਾ ਕਲ ਹੀ ਗੁਜਰਾਤ[3] (ਪੰਜਾਬ) ਨੂੰ ਤੁਰ ਜਾ। ਗੁਜਰਾਤ ਵਿਚ ਇਕ ਸਿੱਖ ਭਾਈ ਭਿਖਾਰੀ ਰਹਿੰਦੇ ਹਨ, ਉਨ੍ਹਾਂ ਨੂੰ ਜਾ ਮਿਲ, ਉਹ ਸੱਚੇ ਗੁਰਮੁਖ ਹਨ। ਉਹ ਖ਼ੁਸ਼ੀ ਤੇ ਗ਼ਮੀ ਨੂੰ ਇਕ ਸਮਾਨ ਜਾਣਦੇ ਹਨ।'

ਪੁੱਛਦੇ-ਪੁਛਾਉਂਦੇ ਭਾਈ ਗੁਰਮੁਖ ਜੀ ਭਿਖਾਰੀ ਜੀ ਦੇ ਘਰ ਜਾ ਪੁੱਜੇ। ਕੀ ਵੇਖਦੇ ਹਨ ਕਿ ਘਰ ਵਿਚ ਪੁੱਤਰ ਦੇ ਵਿਆਹ ਸੰਬੰਧੀ ਤਿਆਰੀਆਂ ਜ਼ੋਰ-ਸ਼ੋਰ ਨਾਲ ਹੋ ਰਹੀਆਂ ਹਨ। ਹਲਵਾਈ ਮਿਠਾਈਆਂ ਤਿਆਰ ਕਰ ਰਹੇ ਹਨ। ਦਰਜ਼ੀ ਕੱਪੜੇ ਸਿਊਣ ਵਿਚ ਰੁੱਝੇ ਹੋਏ ਹਨ। ਇਕੱਠ ਬਹੁਤ ਸੀ ਤੇ ਘਰ ਵਾਲੇ ਸਭ ਆਪੋ-ਆਪਣੀ ਥਾਈਂ ਮਸ਼ੀਨਾਂ ਦੀ ਤਰ੍ਹਾਂ ਰੁੱਝੇ ਹੋਏ ਸਨ। ਜਦੋਂ ਭਾਈ ਗੁਰਮੁਖ ਭਾਈ ਭਿਖਾਰੀ ਪਾਸ

੧. ਸਿਖਿਆ।
੨. ਅੰਦਰਵਾਰ ਕਰ ਲਈ (ਦੀਖਿਆ) ਭਾਵ ਦਿਲ ਵਿਚ (ਵਸਾ) ਬਿਠਾ ਲਈ।
੩. ਜੋ ਹੁਣ ਪਾਕਿਸਤਾਨ ਵਿਚ ਹੈ।



ਪੁੱਜੇ ਤਾਂ ਉਨ੍ਹਾਂ ਨੂੰ ਤੱਪੜ ਗੰਢਣ ਅਤੇ ਕਾਠ ਇਕੱਠਾ ਕਰਨ ਆਦਿ ਦੇ ਕੰਮਾਂ ਵਿਚ ਰੁੱਝਾ ਵੇਖਿਆ। ਵਿਆਹ ਦੇ ਅਗਲੇ ਦਿਨ-ਰਾਤ ਨੂੰ ਗੁਜਰਾਤ 'ਤੇ ਡਾਕੂ ਆ ਪਏ ਤੇ ਪਿੰਡ ਦੀ ਵਾਹਰ ਨੇ ਧਾੜਵੀਆਂ ਦਾ ਪਿੱਛਾ ਕੀਤਾ। ਬੜਾ ਭਾਰੀ ਟਾਕਰਾ ਹੋਇਆ। ਪਰ ਟਾਕਰੇ ਵਿਚ ਭਾਈ ਭਿਖਾਰੀ ਜੀ ਦਾ ਪੁੱਤਰ ਮਾਰਿਆ ਗਿਆ। ਪਰ ਭਾਈ ਭਿਖਾਰੀ ਜੀ ਦੀ ਮਾਨਸਿਕ ਹਾਲਤ ਵਿਚ ਰਤਾ ਜਿੰਨਾ ਵੀ ਫ਼ਰਕ ਨਾ ਪਿਆ। ਬੁੱਲ੍ਹਾਂ 'ਤੇ ਮੁਸਕਰਾਹਟ ਤੇ ਚਿਹਰੇ 'ਤੇ ਉਤਸ਼ਾਹ ਪਹਿਲਾਂ ਵਾਂਗ ਕਾਇਮ ਸੀ। ਭਾਈ ਜੀ ਨੇ ਜੋ ਲੱਕੜਾਂ ਜਮਾਂ ਕੀਤੀਆਂ ਸਨ, ਉਨ੍ਹਾਂ ਨਾਲ ਪੁੱਤਰ ਦਾ ਦਾਹ-ਸੰਸਕਾਰ ਕੀਤਾ ਅਤੇ ਬੁਲਾਉਣੀ (ਮਾਤਮ-ਪੁਰਸੀ) ਲਈ ਆਏ ਸੱਜਣਾਂ ਨੂੰ ਗੱਠੇ ਹੋਏ ਤੱਪੜ ਵਿਛਾ ਦਿੱਤੇ। ਤਦੋਂ ਭਾਈ ਗੁਰਮੁਖ ਨੇ ਜਾਣਿਆ ਕਿ ਭਾਈ ਭਿਖਾਰੀ ਅੰਤਰਜਾਮੀ ਹੈ। ਇਸ ਨੂੰ ਹੋਣਹਾਰ ਦਾ ਪਹਿਲੋਂ ਹੀ ਗਿਆਨ ਸੀ। ਨਿਮਰਤਾ ਨਾਲ ਭਾਈ ਗੁਰਮੁਖ ਨੇ ਆਖਿਆ ਕਿ ਭਾਈ ਭਿਖਾਰੀ ਜੀ, ਜੇ ਆਪ ਨੂੰ ਪਹਿਲਾਂ ਹੀ ਇਸ ਘਟਨਾ ਦਾ ਗਿਆਨ ਸੀ ਤਾਂ ਤੁਸੀਂ ਬੇਟੇ ਨੂੰ ਬਾਹਰ ਨਾਲ ਜਾਣੋਂ ਕਿਉਂ ਨਾ ਵਰਜਿਆ? ਅਤੇ ਜੇ ਉਹ ਚਲਾ ਹੀ ਗਿਆ ਸੀ ਤਾਂ ਤੁਸੀਂ ਸਤਿਗੁਰਾਂ ਅੱਗੇ ਪੁੱਤਰ ਦੀ ਵੱਡੀ ਉਮਰ ਲਈ ਅਰਦਾਸ ਕਿਉਂ ਨਾ ਕੀਤੀ?

ਜੇ ਫਿਰ ਵੀ ਪੁੱਤਰ ਨੇ ਮਰਨਾ ਹੀ ਸੀ ਤਾਂ ਇੰਨਾ ਖ਼ਰਚ ਕਰਨ ਦਾ ਕੀ ਲਾਭ? ਤਾਂ ਭਾਈ ਭਿਖਾਰੀ ਜੀ ਨੇ ਉੱਤਰ ਦਿੱਤਾ ਕਿ ਕਰਤਾਰ ਦੇ ਭਾਣੇ ਵਿਚ ਕੁਤਰਕ ਕਰਨੀ ਪਾਪ ਹੈ। ਵਿਆਹ ਹੋਣ ਪਿਛੋਂ ਹੀ ਪੁੱਤਰ ਨੇ ਮਰਨਾ ਸੀ, ਇਹੀ ਮਾਲਕ ਦਾ ਹੁਕਮ ਸੀ। ਮੈਂ ਇਸ ਨੂੰ ਕਿਵੇਂ ਰੋਕ ਸਕਦਾ ਸਾਂ ਜਦ ਮੈਂ ਜਾਣਦਾ ਹਾਂ ਕਿ ਜੋ ਕੁਝ ਮਾਲਕ ਵਾਹਿਗੁਰੂ ਕਰਦਾ ਹੈ, ਉਹ ਚੰਗਾ ਹੀ ਕਰਦਾ ਹੈ। ਮਨੁੱਖ ਨੂੰ ਖ਼ੁਸ਼ੀ ਤੇ ਗ਼ਮੀ ਦੋਵੇਂ ਖਿੜੇ ਮੱਥੇ ਮੰਨਣੀਆਂ ਚਾਹੀਦੀਆਂ ਹਨ, ਇਹੋ ਹੀ ਗੁਰਮੁਖਤਾ ਹੈ। ਸਤਿਗੁਰੂ ਤੋਂ ਆਤਮ-ਵਿਚਾਰ ਦਾਤ ਮੰਗਣੀ ਲੋੜੀਏ, ਨਾ ਕਿ ਮਿੱਥਿਆ ਪਦਾਰਥਾਂ ਲਈ ਅਰਦਾਸ ਕਰਨੀ ਚਾਹੀਏ।

ਵਾਹ! ਵਾਹ! ਧੰਨ ਹਨ ਆਤਮਗਿਆਨੀ ਭਾਈ ਭਿਖਾਰੀ ਜੀ ਵਰਗੇ ਗੁਰਮੁਖ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਇਸ ਆਤਮ-ਉਪਦੇਸ਼ ਦੀ ਆਪਣੇ ਜੀਵਨ ਦੁਆਰਾ ਯਾਦ ਕਰਵਾਈ ਹੈ:-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ[1] ਅਰੁ ਭੈ ਨਹੀ ਜਾ ਕੈ ਕੰਚਨ[2] ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ [3]ਨਹ ਉਸਤਤਿ ਜਾ ਕੈ [4]ਲੋਭੁ ਮੋਹੁ ਅਭਿਮਾਨਾ ॥
ਹਰਖ[5] ਸੋਗ ਤੇ ਰਹੈ [6]ਨਿਆਰਉ ਨਾਹਿ ਮਾਨ ਅਪਮਾਨਾ ॥੧॥

੧. ਮੋਹ, ਸੁੱਖਾਂ ਨਾਲ ਮੋਹ ਨਹੀਂ ਕਰਨਾ।
੨. ਸੋਨਾ।
੩. ਕਿਸੇ ਦੀ ਖ਼ੁਸ਼ਾਮਦ ਵਜੋਂ ਤਾਰੀਫ਼ ਵੀ ਨਹੀਂ ਕਰਦਾ, ਦੂਜਾ ਭਾਵ ਇਹ ਹੈ ਕਿ ਆਪਣੀ ਉਸਤਤਿ ਵੀ ਨਹੀਂ ਲੋਚਦਾ।
੪. ਜਿਸ ਨੂੰ ਲੋਭ, ਮੋਹ ਤੇ ਅਹੰਕਾਰ ਨਹੀਂ ਹਨ।
੫. ਖ਼ੁਸ਼ੀ।
੬. ਨਿਰਲੇਪ।

**[੧]ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ [੨]ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**
(ਸੋਰਠਿ ਮ: ੯-੬੩੩)

ਪੂਰਨ ਆਗਿਆਕਾਰੀ ਗੁਰਮੁਖ ਜੀਵਨ ਦੀ ਝਲਕ ਸਾਨੂੰ ਗੁਰੂ ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਿੰਦੇ ਹਨ। ਆਪ ਜੀ ਨੇ ਤੱਤੀਆਂ ਤਵੀਆਂ 'ਤੇ ਬੈਠ ਕੇ ਗਰਮੀਆਂ ਦੀ ਰੁੱਤੇ ਤੱਤਾ ਰੇਤਾ ਸੀਸ 'ਤੇ ਪੁਆ ਕੇ ਵੀ ਅਡੋਲ ਰਹਿੰਦੇ ਹੋਏ ਆਉਣ ਵਾਲੇ ਗੁਰਮੁਖ ਪਿਆਰਿਆਂ ਲਈ ਪੂਰਨੇ ਪਾਏ ਸਨ, ਜਿਨ੍ਹਾਂ ਨੇ ਕਿ ਬਾਅਦ ਵਿਚ ਸੀਸ ਦਿੱਤੇ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ ਤੇ ਆਰਿਆਂ ਨਾਲ ਚੀਰੇ ਗਏ ਪਰ 'ਸੀ' ਤਕ ਨਹੀਂ ਉਚਰੀ। ਆਪ ਜੀ ਆਪਣੇ ਸਾਰੇ ਜੀਵਨ 'ਤੇ ਝਾਤੀ ਮਾਰ ਕੇ ਸਾਨੂੰ ਦੱਸਦੇ ਹਨ ਕਿ ਆਪ ਨੇ ਕਦੇ ਮੋਹ ਤੇ ਵਿਕਾਰਾਂ ਵਿਚ ਚਿਤ ਨਹੀਂ ਲਾਇਆ ਅਤੇ ਮਾਲਕ ਦੀ ਹਰ ਆਗਿਆ ਮੰਨਣ ਲਈ ਸਦਾ ਉਤਸ਼ਾਹ ਭਰੀ ਉਡੀਕ ਵਿਚ ਰਹਿੰਦੇ ਸਨ ਅਤੇ 'ਏਕੇ' ਵਿਚ ਟਿਕੇ ਆਪਣੇ ਸਹਜ-ਆਨੰਦ ਨੂੰ ਮਾਣਦੇ ਹੋਏ ਸਦਾ ਹੁਕਮੀ ਕਾਰ ਵਿਚ ਨਾਮ ਜਪਦੇ ਤੇ ਜਪਾਉਂਦੇ ਟੁਰੇ ਰਹਿੰਦੇ ਸਨ:-

**ਮਾਨ ਮੋਹ ਅਰੁ ਲੋਭ ਵਿਕਾਰਾ ਬੀਓ[੩] ਚੀਤਿ ਨ ਘਾਲਿਓ[੪] ॥**
**ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ[੫] ਲੈ ਚਾਲਿਓ ॥੧॥**
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ[੬] ਰਾਖਿਓ ਚੀਤਿ ॥੧॥ ਰਹਾਉ ॥**
**ਜੈਸੀ ਆਗਿਆ ਕੀਨੀ ਠਾਕੁਰਿ[੭] ਤਿਸ ਤੇ ਮੁਖੁ ਨਹੀ ਮੋਰਿਓ ॥**
**[੮]ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥**
**ਆਗਿਆ ਮਹਿ ਭੂਖ ਸੋਈ ਕਰਿ ਸੂਖਾ[੯] ਸੋਗ ਹਰਖ[੧੦] ਨਹੀ ਜਾਨਿਓ ॥**
**ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥**
**ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ [੧੧]ਹਲਤ ਪਲਾਤਾ ॥**
**ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥**
(ਮਾਰੂ ਮ: ੫-੧੦੦੦)

---

੧. ਇੱਛਾ ਤੇ ਉਮੈਦ।
੨. ਛੂੰਹਦੇ ਨਹੀਂ, ਅਸਰ ਨਹੀਂ ਕਰਦੇ।
੩. ਹੋਰ ਕਿਸੇ ਨੂੰ, ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਦਿਲ ਵਿਚ ਨਹੀਂ ਲਿਆਂਦਾ।
੪. ਪਾਇਆ।
੫. ਸੌਦਾ (ਨਾਮ ਦਾ)।
੬. ਜਾਣ ਵੇਲੇ ਭਾਵ ਅੰਤ ਸਮੇਂ।
੭. ਮਾਲਕ ਨੇ।
੮. ਸਹਿਜ ਦਾ ਆਨੰਦ ਦਿਲ ਵਿਚੋਂ ਹਿੱਲਣ ਨਹੀਂ ਦਿੱਤਾ ਅਤੇ ਝੱਟ ਹੁਕਮ ਮੰਨਣ ਲਈ ਦੌੜ ਪਿਆ।
੯. ਸੁੱਖ ਜਾਣ ਕੇ।
੧੦. ਖ਼ੁਸ਼ੀ।
੧੧. ਹਲਤ ਪਲਤ, ਲੋਕ-ਪ੍ਰਲੋਕ।



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਬੰਸ ਵਾਰਨ ਦੀ ਕਰਾਮਾਤ ਤੇ ਅਨੇਕਾਂ ਸ਼ਹੀਦ ਹੋਏ ਗੁਰਮੁਖ ਪਿਆਰਿਆਂ ਦੀਆਂ ਅਦੁੱਤੀ ਕੁਰਬਾਨੀਆਂ ਨੇ ਖ਼ਾਲਸਾ ਪੰਥ ਲਈ ਅਜਿਹੇ ਬੀਜ ਦਾ ਕੰਮ ਦਿੱਤਾ ਹੈ ਜਿਸ ਨੇ ਪੰਥ ਵਿਚ ਅਨੇਕਾਂ ਗੁਰਮੁਖ ਪੈਦਾ ਕੀਤੇ ਹਨ। ਜੋ ਉਹ ਆਪਣੀ ਪਰੰਪਰਾ ਅਨੁਸਾਰ ਆਪ ਤਰ ਕੇ ਹੋਰਨਾਂ ਨੂੰ ਤਾਰਨ ਤੇ ਗਊ-ਗਰੀਬ ਦੀ ਰੱਖਿਆ ਕਰਨ ਲਈ ਸਦਾ ਤਤਪਰ ਰਹਿੰਦੇ ਹਨ। ਜੋ ਆਪਣੇ ਵੱਖਰੇ ਹਉਮੈ ਵਾਲੇ ਅਹਿਸਾਸ ਵਿਚ ਰਹਿੰਦੇ ਹਨ, ਉਹ ਅਜਿਹੀ ਕੁਰਬਾਨੀ ਨਹੀਂ ਕਰ ਸਕਦੇ। ਉਨ੍ਹਾਂ ਨੂੰ ਆਪਣਾ ਸਰੀਰ ਪਿਆਰਾ ਹੁੰਦਾ ਹੈ ਤੇ ਉਹ ਜੀਊਣਾ ਲੋਚਦੇ ਹੁੰਦੇ ਹਨ। ਅਕਾਲ ਪੁਰਖ ਦਾ ਸੰਸਾਰ ਰਚਣ ਦਾ ਪ੍ਰਯੋਜਨ ਤਾਂ ਗੁਰਮੁਖ ਪੈਦਾ ਕਰਨ ਦਾ ਹੀ ਸੀ:-

**ਗੁਰਮੁਖਿ[੧] ਧਰਤੀ ਸਾਚੈ[੨] ਸਾਜੀ ॥ [੩]ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥**
**ਗੁਰ ਕੈ ਸਬਦਿ ਰਪੈ[੪] ਰੰਗੁ ਲਾਇ ॥ ਸਾਚਿ ਰਤਉ [੫]ਪਤਿ ਸਿਉ ਘਰਿ ਜਾਇ ॥**
(ਰਾਮਕਲੀ ਮ: ੧, ਸਿਧ ਗੋਸਟਿ-੯੪੧)

✪✪✪

---

੧. ਗੁਰਮੁਖ ਲਈ।
੨. ਵਾਹਿਗੁਰੂ ਨੇ।
੩. ਉਸ ਧਰਤੀ ਵਿਚ ਜੀਵਾਂ ਦਾ ਜੰਮਣਾ ਮਰਨਾ ਇਕ ਖੇਡ ਹੈ।
੪. ਰੰਗੀਜਦਾ ਹੈ, ਪ੍ਰੇਮ ਨਾਲ ਰੰਗਿਆ ਜਾਂਦਾ ਹੈ।
੫. ਇੱਜ਼ਤ ਨਾਲ ਵਾਹਿਗੁਰੂ ਕੋਲ ਪਹੁੰਚ ਜਾਂਦਾ ਹੈ।

**ਛੇਵਾਂ ਕਾਂਡ**

# ਆਤਮ-ਮਾਰਗ

## (ਸੁਰਤ)

ਸਭ ਤੋਂ ਪਹਿਲੋਂ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਪਰਮਾਤਮਾ ਨਾਲ ਮੇਲ ਕਿਸ ਚੀਜ਼ ਦਾ ਹੋਣਾ ਹੈ। ਸਾਡੀ ਦੇਹ ਤਾਂ ਨਾਸ਼ਵੰਤ ਹੈ ਤੇ ਇਥੇ ਹੀ ਰਹਿ ਜਾਂਦੀ ਹੈ। ਜੇ ਸਰੀਰਕ ਮੇਲ ਹੋ ਵੀ ਜਾਵੇ ਤਾਂ ਇਹ ਮੇਲ ਸਦਾ ਨਹੀਂ ਰਹਿ ਸਕਦਾ ਕਿਉਂ ਜੋ ਸਰੀਰ ਨਾਸ਼ਵੰਤ ਹੋਣ ਕਰਕੇ ਮੁੜ ਵਿਛੜ ਜਾਂਦੇ ਹਨ। ਫਿਰ ਅਸੀਂ ਇਹ ਵੀ ਵੇਖਿਆ ਹੈ ਕਿ ਦੋ ਪਿਆਰਿਆਂ (ਦੰਪਤੀ ਪਿਆਰ) ਵਿਚਕਾਰ ਵੀ ਡੂੰਘੇ ਮੇਲ ਲਈ ਸਰੀਰ ਇਕ ਬੰਦਿਸ਼ ਜਿਹੀ ਹੀ ਜਾਪਦਾ ਹੈ। ਸਰੀਰਕ ਮੇਲ ਨਾਲ ਵੀ ਪੂਰੀ ਸ਼ਾਂਤੀ ਨਹੀਂ ਮਿਲਦੀ ਅਤੇ ਮਨ ਕਿਸੇ ਹੋਰ ਸੂਖਮ ਮਿਲਾਪ ਨੂੰ ਲੋਚਦਾ ਹੁੰਦਾ ਹੈ। ਇਹ ਆਤਮਾ ਦੀ ਆਤਮਾ ਲਈ ਅਸਲੀ ਖਿੱਚ ਹੈ ਤਦੇ ਹੀ ਗੁਰੂ ਜੀ ਆਤਮਾ ਦੇ ਮੇਲ ਨੂੰ ਸ੍ਰੇਸ਼ਟ ਸਮਝਦੇ ਹਨ:-

**[1]ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥**

(ਵਾਰ ਸੂਹੀ ਮ: ੨-੭੯੧)

ਜੋ ਚੀਜ਼ ਨਾਸ਼ ਨਹੀਂ ਹੁੰਦੀ ਤੇ ਹੋਰ ਹੋਰ ਜੂਨਾਂ ਵਿਚ ਭਟਕਦੀ ਰਹਿੰਦੀ ਹੈ ਅਤੇ ਓਨਾ ਚਿਰ ਭਟਕਣੋਂ ਹਟਦੀ ਨਹੀਂ ਜਿੰਨਾ ਚਿਰ ਕਿ ਉਹ ਪ੍ਰਮਾਤਮਾ ਨੂੰ ਮਿਲ ਨਹੀਂ ਲੈਂਦੀ, ਉਹ ਹੈ ਜੀਵ-ਆਤਮਾ, ਜਿਸ ਦੇ ਨਾਲ ਕਿ ਮਨ ਜੁੜਿਆ ਹੋਇਆ ਹੈ ਤੇ ਮਨ ਵਿਚ ਸੁਰਤ ਨਿਵਾਸ ਕਰਦੀ ਹੈ। ਜੀਵ-ਆਤਮਾ ਵਿਚ ਆਤਮਾ ਜਾਂ ਪਰਮਾਤਮਾ ਤਾਂ ਹੈ (*ਘਟ ਘਟ ਮਹਿ ਹਰਿ ਜੁ ਬਸੈ ਸੰਤਨ ਕਹਿਓ ਪੁਕਾਰਿ*) ਪਰ ਜੀਵ ਆਪਣੇ ਮਨ ਕਰਕੇ ਉਸ ਤੋਂ ਵਿਛੜਿਆ ਹੋਇਆ ਹੈ। ਮਨ ਵਿਚ ਭਾਂਤ-ਭਾਂਤ ਦੇ ਫੁਰਨੇ ਤੇ ਤਰੰਗ ਉਠਦੇ ਰਹਿੰਦੇ ਹਨ ਜੋ ਮਨ ਨੂੰ ਜੀਵ-ਆਤਮਾ ਵਿਚ ਟਿਕਣ ਨਹੀਂ ਦਿੰਦੇ ਤੇ ਹਿੱਲਦੇ ਮਨ ਵਿਚ ਮਨ ਨੂੰ ਆਪਣੇ ਅਸਲੇ ਦੀ ਝਲਕ ਨਹੀਂ ਮਿਲਦੀ। ਇਹ ਫੁਰਨੇ ਤੇ ਤਰੰਗ ਹੀ ਮਨ ਨੂੰ ਮੰਦਾ ਬਣਾਉਂਦੇ ਹਨ। ਇਨ੍ਹਾਂ ਤਰੰਗਾਂ ਨੂੰ ਉਤਪੰਨ ਕਰਨ ਵਾਲੀ ਚੇਤਨ ਚੀਜ਼ ਹੈ 'ਸੁਰਤ'[2], ਜੋ ਕਿ ਗਿਆਤ ਸੋਝੀ ਵਾਲੀ ਸ਼ਕਤੀ ਹੈ।

---

੧. ਸਰੀਰ ਕਰਕੇ ਮਿਲਿਆ ਮਿਲਿਆ ਨਾ ਸਮਝੀਏ।

੨. ਸੁਰਤ=(ਸੰ. ਸਿਮ੍ਰਿਤ) ਗਿਆਤ, ਸੋਝੀ ਵਾਲੀ ਸ਼ਕਤੀ ਅੰਗਰੇਜ਼ੀ ਵਿਚ ਇਸ ਨੂੰ ਕਾਂਸ਼ਸਨੈੱਸ (Consciousness) ਆਖਦੇ ਹਨ।



'ਸੁਰਤ' ਦਾ ਅਰਥ ਧਿਆਨ ਵੀ ਕੀਤਾ ਜਾਂਦਾ ਹੈ। ਸੋ ਜੇ ਇਸ 'ਸੁਰਤ' ਨੂੰ ਮਨ ਵਿਚੋਂ ਵੱਖਰਿਆਂ ਕਰ ਦੇਈਏ ਤਾਂ ਮਨ ਕੋਲ ਵਾਸਤਵ ਵਿਚ ਹੋਰ ਕੁਝ ਨਹੀਂ ਰਹਿ ਜਾਂਦਾ। ਇਸ ਕਰਕੇ ਮਨ ਤੇ ਸੁਰਤ ਦੇ ਸਮਾਨ ਅਰਥ ਵੀ ਲਏ ਜਾਂਦੇ ਹਨ। ਇਹ ਸੁਰਤ (ਗਿਆਤ ਵਾਲੀ ਸ਼ਕਤੀ) ਹੀ ਮੇਲਣ ਵਾਲੀ ਚੀਜ਼ ਹੈ। ਜਿਧਰ ਇਹ ਹੁੰਦੀ ਹੈ, ਉਧਰੇ ਹੀ ਮਨ ਤੇ ਜੀਵ-ਆਤਮਾ ਹੁੰਦਾ ਹੈ, ਭਾਵੇਂ ਇਹ ਵੀ ਠੀਕ ਹੈ ਕਿ ਸੁਰਤ ਵੀ ਉਥੇ ਹੀ ਹੁੰਦੀ ਹੈ ਜਿਥੇ ਮਨ ਦੀ ਖਿੱਚ ਹੋਵੇ। ਸੋ ਅਸਲ ਵਿਚ ਮਨ ਦੀ ਸੁਰਤ ਹੀ ਵਿਕਾਰਾਂ ਨੂੰ ਭੋਗਦੀ ਹੈ ਤੇ ਇਹੋ ਹੀ ਸਤਿਸੰਗਤ ਵਿਚ ਆ ਕੇ ਬੈਠਦੀ ਹੈ ਅਤੇ ਇਹੋ ਹੀ ਸਤਿਸੰਗਤ ਵਿਚ ਬੈਠਦਿਆਂ ਹੋਇਆਂ ਬਾਹਰ ਘੁੰਮ-ਫਿਰ ਆਉਂਦੀ ਹੈ। ਇਹੋ ਹੀ ਭਜਨ-ਬੰਦਗੀ ਕਰਦੀ ਹੈ ਤੇ ਉਸ ਦਾ ਰਸ ਮਾਣਦੀ ਹੈ। ਜਦੋਂ ਰਸ ਨਹੀਂ ਆਉਂਦਾ ਤਾਂ ਇਹੋ ਹੀ ਮੌਜੂਦ ਨਹੀਂ ਹੁੰਦੀ, ਕਿਤੇ ਹੋਰ ਨਿਕਲੀ ਹੋਈ ਹੁੰਦੀ ਹੈ।

ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਤੇ ਉਸ ਦੇ ਕਾਜ਼ੀ ਦੇ ਨਾਲ ਗੁਰੂ ਨਾਨਕ ਸਾਹਿਬ ਨੇ ਨਮਾਜ਼ ਇਸੇ ਕਰਕੇ ਨਹੀਂ ਪੜ੍ਹੀ ਸੀ ਕਿਉਂਕਿ ਪਹਿਲੇ ਦੀ ਸੁਰਤ ਪਿਸ਼ਾਵਰ ਵਿਚ ਘੋੜੀ ਦੀ ਵਛੇਰੀ ਦੀ ਸੰਭਾਲ ਵਿਚ ਲੱਗੀ ਹੋਈ ਸੀ ਕਿ ਕਿਤੇ ਉਹ ਕਿੱਲੇ ਦੇ ਨਾਲ ਟੋਏ ਵਿਚ ਨਾ ਡਿੱਗ ਪਵੇ ਅਤੇ ਇਉਂ ਅਸਲੀ ਨਮਾਜ਼ ਪੜ੍ਹਨ ਵਾਲੇ ਹਾਜ਼ਰ ਨਾ ਹੋਣ ਕਰਕੇ ਉਨ੍ਹਾਂ ਦੇ ਮਾਨੋ ਸਰੀਰ ਹੀ ਆਪਣੇ ਵਿਚੋਂ ਫੋਕੀ ਹਵਾ (ਆਵਾਜ਼) ਜਿਹੀ ਹੀ ਕੱਢ ਰਹੇ ਸਨ। ਜਿਸ ਸਮੇਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਇਹ ਪ੍ਰਸ਼ਨ ਕੀਤਾ ਸੀ ਕਿ ਤੇਰਾ ਗੁਰੂ ਕਿਹੜਾ ਹੈ ਜਿਸ ਦਾ ਤੂੰ ਚੇਲਾ ਹੈਂ, ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਦਿੱਤਾ ਸੀ ਕਿ ਮੇਰਾ ਗੁਰੂ 'ਸ਼ਬਦ' ਹੈ ਤੇ ਇਸ 'ਸ਼ਬਦ' ਗੁਰੂ ਦਾ ਚੇਲਾ ਹੈ ਮੇਰੀ 'ਸੁਰਤ' (*ਸਬਦੁ ਗੁਰੂ ਸੁਰਤਿ ਧੁਨਿ ਚੇਲਾ*)। ਸਿੱਧਾਂ ਨੇ ਜਦੋਂ ਇਕ ਹੋਰ ਪ੍ਰਸ਼ਨ ਕੀਤਾ ਕਿ ਇਸ ਭਵ-ਸਾਗਰ ਨੂੰ ਕਿਵੇਂ ਤਰਿਆ ਜਾਵੇ ? ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਭਵ-ਸਾਗਰ ਨੂੰ 'ਸੁਰਤ' ਤੇ 'ਸ਼ਬਦ' ਦੇ ਆਪਸੀ ਮੇਲ ਨਾ ਤਰਿਆ ਜਾਂਦਾ ਹੈ ਕਿਉਂ ਜੋ 'ਸੁਰਤ' ਸ਼ਬਦ ਵਿਚ ਗੱਡੀ ਹੋਣ ਕਰਕੇ ਲੇਪਨਾ ਵਿਚ ਨਹੀਂ ਆਉਂਦੀ, ਨਿਰਲੇਪ ਰਹਿੰਦੀ ਹੈ:-

**ਜੈਸੇ ਜਲ ਮਹਿ ਕਮਲੁ ਨਿਰਾਲਮੁ[1] ਮੁਰਗਾਈ[2] ਨੈਸਾਣੇ[3] ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**

(ਰਾਮਕਲੀ ਮ: ੧, ਸਿਧ ਗੋਸਟਿ-੯੩੮)

ਇਹ ਸੁਰਤ, ਪਰਮਾਤਮਾ ਨੇ ਸਭ ਜੀਆਂ ਵਿਚ ਪਾਈ ਹੋਈ ਹੈ ਤੇ ਸਭ ਦੀ ਮੁਢਲੀ ਸੁਰਤ ਇਕੋ ਜਿਹੀ ਹੈ:-

**ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥**

(ਸਿਰੀਰਾਗ ਮ: ੧-੨੪)

---

੧. ਨਿਰਲੇਪ।

੨. ਮੁਰਗਾਬੀ।

੩. ਨਦੀ (ਨੈ) ਦੇ ਸਾਹਮਣੇ (ਸਾਣੇ) ਤਰਦੀ ਹੈ।

ਅਤੇ ਜਦੋਂ ਸੁਰਤ ਹੀ ਖੁੱਲ੍ਹ ਜਾਂਦੀ ਹੈ ਤਾਂ ਜੀਵ-ਆਤਮਾ ਆਪਣੇ ਅਨੁਭਵ ਵਿਚ ਸਾਂਗੋਂ ਪਾਂਗ ਪ੍ਰਭੂ ਦੇ ਦਰਸ਼ਨ ਕਰ ਲੈਂਦਾ ਹੈ। ਸੁਰਤ ਉਹ ਅੱਖਾਂ ਹਨ, ਜਿਨ੍ਹਾਂ ਨਾਲ ਵਾਹਿਗੁਰੂ ਜੀ ਦਿਸਦੇ ਹਨ :-

**ਭੈ ਕੇ ਚਰਣ ਕਰ[1] ਭਾਵ[2] ਕੇ ਲੋਇਣ[3] ਸੁਰਤਿ ਕਰੇਇ ॥**
**ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥**

(ਵਾਰ ਮਾਝ, ਮ: ੨-੧੩੯)

ਪਰਮਾਤਮਾ ਹਰ ਥਾਂ ਭਰਪੂਰ ਹੈ ਪਰ ਸਾਡੀ ਸੁਰਤ ਦੇ ਮਾਇਕ ਪਦਾਰਥਾਂ ਵਿਚ ਲੱਗ ਜਾਣ ਕਰਕੇ ਉਹ ਮਨ ਵਿਚੋਂ ਨਿਕਲ ਗਿਆ ਹੈ। ਅਸੀਂ ਹੁਣ ਇਸ ਸੁਰਤ ਨਾਲ ਸਿਮਰਨ ਦੇ ਖੰਭ ਲਾ ਕੇ ਆਪਣਾ ਆਤਮ-ਪੈਂਡਾ ਕੱਟਣਾ ਹੈ:-

**ਮਨੁ ਕਰਿ ਬੈਲੁ[4] [5]ਸੁਰਤਿ ਕਰਿ ਪੈਡਾ ਗਿਆਨ ਗੋਨਿ[6] ਭਰਿ ਡਾਰੀ ॥**
**ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ[7] ਖੇਪ ਹਮਾਰੀ ॥**

(ਰਾਗ ਕੇਦਾਰਾ ਬਾਣੀ ਕਬੀਰ ਜੀਉ-੧੧੨੩)

ਅਤੇ

**[8]ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ[9] ॥**
**ਸੁਰਤਿ ਸੋਚ ਕਰਿ ਭਾਂਡਸਾਲ[10] ਤਿਸੁ ਵਿਚਿ ਤਿਸ ਨੋ ਰਖੁ ॥**
**ਵਣਜਾਰਿਆ[11] ਸਿਉ ਵਣਜੁ ਕਰਿ [12]ਲੈ ਲਾਹਾ ਮਨ ਹਸੁ ॥**

(ਸੋਰਠਿ ਮ: ੧-੫੯੫)

ਸੁਰਤੀ ਦੇ ਮਾਰਗ 'ਤੇ ਸਿਮਰਨ ਦੁਆਰਾ ਚੱਲਦਿਆਂ ਗੁਰੂ-ਕਿਰਪਾ ਨਾਲ ਸਹਿਜੇ ਹੀ ਨਦਰ ਪ੍ਰਗਾਸੀ ਜਾਂਦੀ ਹੈ ਤੇ ਪ੍ਰਭੂ-ਮੇਲ ਹੋ ਜਾਂਦਾ ਹੈ ਅਤੇ ਹਰ ਪਾਸੇ ਪ੍ਰਭੂ ਆਪੇ-ਆਪ ਵਿਚਰਦਾ ਦਿੱਸ ਪੈਂਦਾ ਹੈ :

**ਸੁਰਤੀ ਕੈ ਮਾਰਗਿ ਚਲਿ ਕੈ ਉਲਟੀ[13] ਨਦਰਿ ਪ੍ਰਗਾਸੀ ॥**
**ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ[14] ਕਉਨੁ ਉਦਾਸੀ ॥**

(ਪ੍ਰਭਾਤੀ ਮ: ੧-੧੩੨੯)

ਕਿਉਂ ਜੋ ਮਨ ਦੀ ਸੁਰਤ ਨਾਲ ਹੀ ਪੈਂਡਾ ਤਹਿ ਹੋਣਾ ਹੈ ਅਤੇ ਉਸੇ ਕਰਕੇ ਹੀ ਪ੍ਰਭੂ ਨਾਲ ਮੇਲ ਹੋਣਾ ਹੈ ਇਸ ਲਈ ਮਨ ਨੇ ਬਿਲਕੁਲ ਖ਼ਤਮ ਨਹੀਂ ਹੋਣਾ ਸਗੋਂ ਸ਼ੁੱਧ ਰੂਪ ਵਿਚ ਨਿਖਰਨਾ ਹੈ। ਜਿਥੇ ਕਿਤੇ ਗੁਰਬਾਣੀ ਵਿਚ ਆਉਂਦਾ ਹੈ

---

੧. ਹੱਥ।
੨. ਪ੍ਰੇਮ।
੩. ਅੱਖਾਂ, ਅੱਖਾਂ ਸੁਰਤਿ ਨੂੰ ਬਣਾਏ।
੪. ਬਲਦ, ਮਨ ਨੂੰ ਬਲਦ ਸਮਝ।
੫. ਸੁਰਤ ਨੂੰ ਉੱਚਿਆਂ ਕਰਨਾ ਇਹ ਪੈਂਡਾ ਹੈ, ਫਾਸਲਾ ਹੈ।
੬. ਛੱਟ।
੭. ਮਾਲ ਦੀ ਖੇਪ ਤੋੜ ਪਹੁੰਚ ਗਈ।
੮. ਨਿੱਤ ਨਾਸ਼ ਹੁੰਦੀ ਉਮਰ ਨੂੰ ਦੁਕਾਨ ਬਣਾ।
੯. ਸੌਦਾ।
੧੦. ਸੌਦੇ ਵਾਲੇ ਭਾਂਡੇ ਰੱਖਣ ਦੀ ਥਾਂ, ਗੋਦਾਮ।
੧੧. ਸੰਤ ਰੂਪ ਵਿਹਾਰੀਆਂ ਨਾਲ।
੧੨. ਨਫ਼ਾ ਖੱਟ ਕੇ, ਹੇ ਮਨ, ਖੁਸ਼ ਹੋ।
੧੩. ਅੰਦਰ।
੧੪. ਗ੍ਰਹਿਸਥੀ।



ਕਿ ਮਨ ਨੂੰ ਮਾਰਨ ਦੀ ਲੋੜ ਹੈ ਉਸ ਦਾ ਭਾਵ ਮਲੀਨ ਮਨ ਨੂੰ ਮਾਰਨਾ ਹੈ ਜਿਸ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹੁੰਦੇ ਹਨ ਤੇ ਜੋ ਭਗਤੀ ਤੋਂ ਬਿਨਾਂ ਮਰਦਾ ਨਹੀਂ। ਇਹੋ ਗੱਲ ਹੀ ਕਬੀਰ ਸਾਹਿਬ ਸਮਝਾਉਂਦੇ ਹਨ, ਜਦੋਂ ਉਹ ਆਖਦੇ ਹਨ ਕਿ ਜੇ ਮਨ ਹੀ ਮਾਰ ਲਿਆ ਫਿਰ ਤਾਰਨਾ ਕਿਸ ਨੂੰ ਹੈ ਅਤੇ ਸਾਰਾ ਮਨ ਤਾਂ ਕੋਈ ਮਾਰ ਵੀ ਨਹੀਂ ਸਕਦਾ। ਮਨ ਮਾਰਨ ਦੇ ਭੇਦ ਨੂੰ ਸਮਝਣ ਦੀ ਲੋੜ ਹੈ। ਤਰਨ ਵਾਲਾ ਤਾਂ ਇਸ ਦੇ ਵਿਚੇ ਹੀ ਬੈਠਾ ਹੈ ਜੋ ਤਰਨ ਲਈ ਤਰਲੇ ਲੈ ਰਿਹਾ। ਮਨ ਜੇ ਮਰ ਗਿਆ ਤਾਂ ਤਰੇਗਾ ਕੌਣ ? ਸਗੋਂ ਇਹ ਮਨ ਤਾਂ ਆਪੇ ਤ੍ਰਿਭਵਨ ਕਰਤਾ ਹੋ ਜਾਂਦਾ ਹੈ:-

**[1]ਮਨ ਕਾ ਸੁਭਾਉ ਮਨਹਿ ਬਿਆਪੀ ॥**
**ਮਨਹਿ ਮਾਰਿ [2]ਕਵਨ ਸਿਧਿ ਥਾਪੀ ॥੧॥**
**ਕਵਨੁ ਸੁ ਮੁਨਿ[3] ਜੋ ਮਨੁ ਮਾਰੈ ॥**
**ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥**
**ਮਨ ਅੰਤਰਿ ਬੋਲੈ ਸਭੁ ਕੋਈ ॥**
**ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥**
**ਕਹੁ ਕਬੀਰ ਜੋ ਜਾਨੈ ਭੇਉ[4] ॥**
**ਮਨੁ ਮਧੁਸੂਦਨੁ[5] ਤ੍ਰਿਭਵਣ ਦੇਉ ॥੩॥੨੮॥**

(ਗਉੜੀ ਕਬੀਰ ਜੀ-੩੨੮-੨੯)

ਸੁਰਤ ਦਾ ਆਤਮ-ਮਾਰਗ, ਮਲੀਣ ਮਨ ਦੀ ਹਾਲਤ ਤੋਂ ਲੈ ਕੇ ਪਰਮਾਤਮਾ ਮੇਲ ਦੀ ਅਵਸਥਾ ਤਕ ਸਿਮਰਨ ਦੇ ਤਿੰਨ ਪੜਾਵਾਂ[6] ਵਿਚੋਂ ਹੋ ਕੇ ਪੂਰਾ ਹੁੰਦਾ ਹੈ। ਇਕ ਹੈ ਸੁਰਤ ਦੀ 'ਮਨਾਕਾਰ' ਹਾਲਤ, ਜਿਸ ਵਿਚ ਸੁਰਤ ਪਦਾਰਥਕ ਸੰਸਾਰ ਦਾ ਹੀ ਰੂਪ ਬਣੀ ਹੁੰਦੀ ਹੈ ਅਤੇ ਇਸ ਨੂੰ ਇਹ ਸੰਸਾਰ ਹੀ ਸਭ ਕੁਝ ਤੇ ਸਦਾ ਰਹਿਣ ਵਾਲਾ ਜਾਪਦਾ ਹੁੰਦਾ ਹੈ। ਇਸ ਹਾਲਤ ਵਿਚ ਇਹ ਨਿਗੁਣੀ ਤੇ ਨਿਊਣੀ ਹੁੰਦੀ ਹੋਈ ਵੀ ਆਪਣੇ ਆਪ ਨੂੰ ਸਭੋ ਕੁਝ ਸਮਝਦੀ ਹੁੰਦੀ ਹੈ ਤੇ ਗੁਰੂ ਦੀ ਲੋੜ ਪਰਤੀਤ ਨਹੀਂ ਕਰਦੀ। ਸੁਰਤ ਦੀ ਦੂਜੀ ਅਵਸਥਾ ਹੈ 'ਸ਼ਬਦਾਕਾਰ' ਜਿਸ ਵਿਚ ਸੁਰਤ ਗੁਰੂ-ਸ਼ਰਨ ਨੂੰ ਗ੍ਰਹਿਣ ਕਰਨ ਦਾ ਯਤਨ ਕਰਦੀ ਹੈ, ਉਸ ਦੇ ਉਪਦੇਸ਼ ਸੁਣਦੀ ਤੇ ਗ੍ਰਹਿਣ ਕਰਨ ਦਾ ਯਤਨ ਕਰਦੀ ਹੈ ਅਤੇ ਗੁਰੂ ਸ਼ਬਦ ਨਾਮ ਅਭਿਆਸ ਕਰਦੀ ਹੈ। ਇਸ ਤਰ੍ਹਾਂ ਸੁਰਤ ਵਿਚ ਗੁਰਬਾਣੀ-ਪਿਆਰ ਜਾਗ ਪੈਂਦਾ ਹੈ ਤੇ ਨਾਮ

---

੧. ਇਹ ਮਨ ਦਾ ਹੀ ਵਤੀਰਾ ਹੈ ਕਿ ਮਨ ਦੇ ਪਿੱਛੇ ਪੈ ਜਾਏ ਅਰਥਾਤ ਮਨ ਦੀ ਤਾੜਨਾ ਲਈ ਮਨ ਹੀ ਹਥਿਆਰ ਹੈ। ਸਰੀਰ ਦੇ ਹੋਰ ਕਿਸੇ ਅੰਗ ਦੀ ਪਹੁੰਚ ਮਨ ਤਕ ਨਹੀਂ।
੨. ਕੀ ਕਮਾਈ ਕਰ ਲਈ (ਮਨ ਮਾਰ ਕੇ) ਭਾਵ ਕੋਈ ਫ਼ਾਇਦਾ ਨਹੀਂ।
੩. ਮੁਨੀ, ਭਾਵ ਅਟੱਲ ਤਾਂ ਕੋਈ ਮਨ ਮਾਰ ਹੀ ਨਹੀਂ ਸਕਦਾ।
੪. ਭੇਦ।
੫. ਕਰਤਾਰ।
੬. ਇਹ ਵੰਡ ਸਮਝਣ ਦੀ ਸਹੂਲਤ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।

ਲਈ ਉਤਸ਼ਾਹ ਤੀਬਰ ਹੋ ਜਾਂਦਾ ਹੈ, ਤੇ ਅੰਤ ਨੂੰ ਪ੍ਰੇਮ, ਜੋਬਨ 'ਤੇ ਆ ਜਾਂਦਾ ਹੈ ਅਤੇ ਸੁਰਤ ਦ੍ਰਵ ਕੇ ਗੁਰਬਾਣੀ ਦਾ ਭਾਵ-ਰੂਪ ਬਣ ਜਾਂਦੀ ਹੈ। ਇਸ ਤੋਂ ਅੱਗੇ ਤੀਜੀ ਅਵਸਥਾ ਹੈ ਸੁਰਤ ਦੇ 'ਆਤਮਾਕਾਰ' ਹੋਣ ਦੀ, ਜਿਸ ਵਿਚ ਹਿਰਦੇ ਅੰਦਰ ਅਨਹਦ ਸ਼ਬਦ ਉਠ ਖਲੋਂਦਾ ਹੈ, ਸੁਰਤ ਅੰਤਰ ਆਤਮੇ ਇਸ ਦੇ ਰਸ ਵਿਚ ਫੜੀ ਜਾਂਦੀ ਹੈ, ਨਾਮ-ਪ੍ਰਗਾਸ ਹੋ ਆਉਂਦਾ ਹੈ ਅਤੇ ਆਤਮਾ ਪ੍ਰਗਟ ਹੋ ਜਾਂਦਾ ਹੈ, ਫਿਰ ਇਹ ਆਤਮਾ-ਰੂਪ ਹੋਇਆ ਜੀਵ-ਆਤਮਾ ਆਪਣੇ ਵਿਚ ਤੇ ਬਾਹਰ ਇਕੋ ਪ੍ਰਭੂ ਰਮਿਆ ਵੇਖਦਾ ਹੈ ਤੇ ਸਭ ਪਾਸੇ ਪ੍ਰਭੂ ਜੀ ਦੀ 'ਆਪੇ-ਆਪੇ' ਦੀ ਹੋ ਰਹੀ ਖੇਡ ਦਾ ਅੰਗ ਬਣ ਜਾਂਦਾ ਹੈ। ਗੁਰਬਾਣੀ ਦੀ ਰੋਸ਼ਨੀ ਵਿਚ ਸੁਰਤਿ ਦੀ ਇਕੱਲੀ-ਇਕੱਲੀ ਅਵਸਥਾ ਦਾ ਵਿਚਾਰ ਇਉਂ ਹੈ:-

## (ੳ) ਮਨਾਕਾਰ

ਸੁਰਤ ਇਸ ਅਵਸਥਾ ਵਿਚ ਮਨ ਨੂੰ ਹੀ ਸਭ ਕੁਝ ਸਮਝਦੀ ਹੈ ਅਤੇ ਉਸੇ ਦਾ ਹੀ ਰੂਪ ਬਣੀ ਹੋਈ ਹੁੰਦੀ ਹੈ। ਜੀਵ ਦਾ ਮਨ ਪੰਜ ਤੱਤਾਂ ਦੇ ਸੂਖਮ ਗੁਣਾਂ ਕਰਕੇ ਉਤਪੰਨ ਹੋਇਆ ਹੈ ਤੇ ਇਸ ਅਵਸਥਾ ਅੰਦਰ ਉਹ ਉਨ੍ਹਾਂ ਵਿਚ ਹੀ ਪੂਰਨ ਤੌਰ 'ਤੇ ਖਚਤ ਹੁੰਦਾ ਹੈ। ਨਿਗੁਰਾ ਹੋਣ ਕਰਕੇ ਇਸ ਦੇ ਮਨ ਦੀ ਆਪਣੀ ਮਰਜ਼ੀ ਪ੍ਰਧਾਨ ਹੁੰਦੀ ਹੈ ਤੇ ਇਹ ਮਰਜ਼ੀ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਿਚੋਂ ਰਸ ਮਾਣ ਕੇ ਪ੍ਰਸੰਨ ਰਹਿੰਦੀ ਹੈ। ਭਾਵੇਂ ਇਹ ਰਸ ਉਸ ਨੂੰ ਦੁਖੀ ਵੀ ਕਰਦਾ ਹੈ ਪਰ ਫਿਰ ਵੀ ਉਹ ਇਸ ਨੂੰ ਛੱਡ ਨਹੀਂ ਸਕਦਾ, ਇਸੇ ਨੂੰ ਹੀ ਅਸਲੀ ਸਮਝਦਾ ਹੈ ਤੇ ਇਸ ਤੋਂ ਉੱਪਰ ਕਿਸੇ ਰਸ, ਆਨੰਦ ਦੀ ਇਸ ਨੂੰ ਸੋਝੀ ਵੀ ਨਹੀਂ ਹੁੰਦੀ। ਜੇ ਇਸ ਨੂੰ ਕੋਈ ਸਮਝਾਵੇ ਵੀ, ਤਦ ਵੀ ਇਹ ਨਹੀਂ ਸਮਝਦਾ ਤੇ ਖੂਹ ਦੇ ਡੱਡੂ ਵਾਂਗ ਆਪਣੇ ਗਿਆਨ ਨੂੰ ਹੀ ਅੰਤਮ ਮੰਨਦਾ ਹੈ:-

**ਮਨਮੁਖੁ ਅਗਿਆਨੁ ਦੁਰਮਤਿ[੧] ਅਹੰਕਾਰੀ ॥**
**ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥**
**ਕੂੜੁ ਕੁਸਤੁ ਓਹੁ ਪਾਪ ਕਮਾਵੈ ॥**
**ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥**
**ਅੰਨਾ ਬੋਲਾ ਖੁਇ[੨] ਉਝੜਿ ਪਾਇ ॥**
**ਮਨਮੁਖੁ ਅੰਧਾ ਆਵੈ ਜਾਇ ॥**
**ਬਿਨੁ ਸਤਿਗੁਰ ਭੇਟੇ[੩] ਥਾਇ ਨ ਪਾਇ ॥**
**ਨਾਨਕ ਪੂਰਬਿ[੪] ਲਿਖਿਆ ਕਮਾਇ ॥੨॥**

(ਵਾਰ ਗਉੜੀ, ਮ: ੩-੩੧੪)

---

੧. ਭੈੜੀ ਮੱਤ।
੨. ਖੁੰਝ ਕੇ।
੩. ਮਿਲਣਾ।
੪. ਭਾਗਾਂ ਵਿਚ ਪਹਿਲੋਂ ਦਾ ਲਿਖਿਆ।



ਅਤੇ

**ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ[੧] ਮਾਇਆ ਮੋਹੁ ਗੁਬਾਰੁ ॥**
**ਪਰ ਨਿੰਦਾ ਬਹੁ ਕੂੜੁ ਕਮਾਵੈ ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥**

(ਆਸਾ ਮ: ੩-੩੬੪)

ਅਤੇ

**ਅੰਦਰਿ ਸੰਸਾ[੨] ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥**
**ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥**
**ਨਾਮ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰੁ ॥**
**ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ**
**ਨਾਨਕ ਜਮੁ ਮਾਰਿ ਕਰੇ ਖੁਆਰ ॥**

(ਵਾਰ ਬਿਲਾਵਲੁ ਮ: ੩-੮੫੨)

ਜੀਵ ਦੀਆਂ ਅੱਖੀਆਂ ਭੈੜੀ ਦ੍ਰਿਸ਼ਟੀ ਨਾਲ ਪਰਾਇਆ ਰੂਪ ਵੇਖਣ ਵਿਚ ਫਸੀਆਂ ਹੋਈਆਂ ਹੁੰਦੀਆਂ ਹਨ, ਕੰਨ ਇਸ ਦੇ ਨਿੰਦਿਆ ਸੁਣਨ ਵਿਚ ਰੁੱਝੇ ਹੋਏ ਹੁੰਦੇ ਹਨ, ਇਸਦੀ ਰਸਨਾ ਨਾਮ-ਰਸ ਤੋਂ ਛੁਟ ਹੋਰ-ਹੋਰ ਸਵਾਦਾਂ ਵਿਚ ਲੱਗੀ ਹੋਈ ਹੁੰਦੀ ਹੈ ਅਤੇ ਇਸ ਦਾ ਮਨ ਮਾਇਆ ਦੇ ਸੁੱਖ ਵਿਚ ਸੁੱਤਾ ਹੋਇਆ ਹੁੰਦਾ ਹੈ:-

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥**
**ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ[੩] ॥੧॥**

(ਗਉੜੀ ਗੁਆਰੇਰੀ ਮ: ੫-੧੮੨)

ਮਨਾਕਾਰ ਸੁਰਤੀ ਵਾਲੇ ਜੀਵਾਂ ਦੀ ਸੰਗਤ ਕਰਨੀ ਚੰਗੀ ਨਹੀਂ ਹੁੰਦੀ। ਇਨ੍ਹਾਂ ਦੀ ਸੰਗਤ ਵਿਚ ਪਰਮਾਤਮਾ ਵਿਚ ਵਿਸ਼ਵਾਸ ਘਟਦਾ ਹੈ ਤੇ ਮਾਇਆ ਦੀ ਰੰਗਣ ਵਧਦੀ ਹੈ। ਇਨ੍ਹਾਂ ਦੇ ਆਪਣੇ ਮਨ ਸੰਤੋਖ ਨਹੀਂ ਹੁੰਦੇ ਅਤੇ ਇਹ ਦੂਜਿਆਂ ਨੂੰ ਵੀ ਤ੍ਰਿਸ਼ਨਾ-ਅਗਨ ਵਿਚ ਮੁੜ ਧੂਹ ਲਿਆਉਂਦੇ ਹਨ:-

**ਮਨਮੁਖ [੪]ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥**
**ਝਗੜਾ ਕਰਦਿਆ ਅਨਦਿਨੁ[੫] ਗੁਦਰੈ[੬] ਸਬਦਿ ਨ ਕਰਹਿ ਵੀਚਾਰੁ ॥**
**[੭]ਸੁਧਿ ਮਤਿ ਕਰਤੈ ਸਭ [੮]ਹਿਰਿ ਲਈ ਬੋਲਨਿ ਸਭੁ ਵਿਕਾਰੁ ॥**
**[੯]ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥**
**ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥**

(ਵਾਰ ਗਉੜੀ, ਸਲੋਕ ਮ: ੪, ੩੧੬)

---

੧. ਮੂਰਖ, ਬੇਸਮਝ।
੨. ਸੰਦੇਹ, ਸ਼ੱਕ, ਭਰਮ।
੩. ਮਸਤੀ ਵਿਚ।
੪. ਬਿਲਕੁਲ ਭੁਲ ਗਿਆ ਜਾਂ ਹਰੀ ਮੂਲ ਤੋਂ ਭੁੱਲਣ ਕਰਕੇ ਅੰਦਰ ਲਬ, ਲੋਭ, ਅਹੰਕਾਰ ਹੈ।
੫. ਦਿਨ ਤੇ ਰਾਤ।
੬. ਲੰਘਦਾ ਹੈ।
੭. ਸੋਝੀ।
੮. ਖੋਹ ਲਈ।
੯. ਕਿਸੇ ਦਾਤ ਨਾਲ ਵੀ ਨਹੀਂ ਰਜਦੇ।

ਮਨਾਕਾਰ ਸੁਰਤੀ ਵਾਲੇ ਬੇਮੁਖਾਂ ਦੀ ਹਾਲਤ ਬਹੁਤ ਤਰਸਯੋਗ ਹੈ। ਜਿਥੇ ਦੂਜੇ, ਗੁਰੂ ਵਾਲੇ, ਸਿਰ 'ਤੇ ਸਾਈਂ ਹੋਣ ਕਰਕੇ, ਸੁਹਾਗਵੰਤੀ ਵਾਂਗ ਸਦਾ ਸੁਖੀ ਹੁੰਦੇ ਹਨ, ਇਹ ਸਦਾ ਦੁਖੀ ਹੀ ਰਹਿੰਦੇ ਹਨ। ਇਹ ਵੀ ਸੁੱਖ ਦਾ ਮੂੰਹ ਵੇਖ ਸਕਦੇ ਹਨ ਪਰ ਸਭ ਕੁਝ ਹੁੰਦਿਆਂ-ਸੁੰਦਿਆਂ ਇਨ੍ਹਾਂ ਨੂੰ ਸੁਖ ਨਸੀਬ ਨਹੀਂ:-

**ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ ॥**
**ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ ॥**
**ਸਭਨਾ ਰਾਤਿ [੧]ਮਿਲਾਵੜਾ ਚਕਵੀ ਦੋਰਾਹਾ[੨] ॥**
**ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ ॥**
**ਰਾਹਹੁ ਉਝੜਿ ਜੋ ਪਵੈ ਮੁਸੈ[੩] ਦੇ ਫਾਹਾ ॥**
**ਤਿਉ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ ॥੫॥**

(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੫)

ਅਰਥਾਤ ਜਿਵੇਂ ਸਾਵਣ ਦੇ ਮਹੀਨੇ ਵਰਖਾ ਹੋਣ ਨਾਲ ਬਿਰਛ ਹਰੇ ਹੁੰਦੇ ਹਨ ਪਰ ਅੱਕ ਤੇ ਜਵਾਹਾਂ ਸੁੱਕ ਜਾਂਦੇ ਹਨ, ਜਿਵੇਂ ਬਾਰਿਸ਼ ਨਾਲ ਸਭਨਾਂ ਦੇ ਮਨ ਅਨੰਦਿਤ ਹੁੰਦੇ ਹਨ ਪਰੰਤੂ ਜੁਲਾਹਾ ਝੂਰਦਾ ਹੈ ਕਿਉਂ ਜੋ ਉਹ ਸਵਾਰਥੀ ਹੋ ਕੇ ਆਪਣੀ ਤਾਣੀ ਦੀ ਚਿੰਤਾ ਕਰਦਾ ਹੁੰਦਾ ਹੈ, ਜਿਵੇਂ ਰਾਤ ਨੂੰ ਆਪੋ-ਆਪਣੀ ਘਰੀਂ ਸਭ ਦਾ ਮਿਲਾਪ ਹੁੰਦਾ ਹੈ ਪਰ ਚਕਵੀ ਚਕਵੇ ਦਾ ਵਿਛੋੜਾ ਹੋ ਜਾਂਦਾ ਹੈ, ਜਿਵੇਂ ਸੰਖ ਸਮੁੰਦਰ ਤੋਂ ਖ਼ਾਲੀ ਨਿਕਲਣ ਕਰਕੇ ਪ੍ਰਾਤਾਕਾਲ ਅਤੇ ਸੰਧਿਆ ਸਮੇਂ ਧਾਹਾਂ ਮਾਰ-ਮਾਰ ਰੋਂਦਾ ਹੈ, ਜਿਵੇਂ ਜੋ ਰਾਹ ਤੋਂ ਔਜੜੇ ਪੈਂਦਾ ਹੈ, ਉਸ ਨੂੰ ਲੁਟੇਰੇ ਲੁੱਟ ਲੈਂਦੇ ਹਨ ਤੇ ਫਾਹੇ ਦੇ ਦਿੰਦੇ ਹਨ, ਤਿਵੇਂ ਹੀ ਜਗਤ ਵਿਚ ਬੇਮੁਖ ਦਾ ਹਾਲ ਹੁੰਦਾ ਹੈ, ਉਹ ਹੌਕੇ ਲੈਂਦਾ ਤੇ ਦੁਖੀ ਰਹਿੰਦਾ ਹੈ।

ਗੁਰੂ ਰਾਮਦਾਸ ਜੀ ਮਨਾਕਾਰ ਸੁਰਤੀ ਵਾਲੇ ਮਨ ਦੀ ਅਜਿਹੀ ਤਰਸਯੋਗ ਹਾਲਤ ਨੂੰ ਵੇਖ ਕੇ ਇਸ 'ਤੇ ਤਰਸ ਖਾਂਦੇ ਹਨ। ਇਸ ਮਨੁੱਖੀ ਮਨ ਨੂੰ ਬੜੇ ਪਿਆਰ ਨਾਲ ਬੱਚਿਆਂ ਵਾਂਗ ਸਮਝਾਉਂਦੇ ਹਨ। ਇਸ ਨੂੰ ਦੱਸਦੇ ਹਨ ਕਿ ਤੇਰੀ ਹਾਲਤ ਉਸ ਊਠ ਵਰਗੀ ਹੈ ਜੋ ਭਾਰ ਨਾਲ ਲੱਦਿਆ ਹੋਇਆ ਦੂਰ-ਦੁਰਾਡੇ ਪਰਦੇਸਾਂ ਵਿਚ ਪੈਂਡੇ ਮਾਰਦਾ ਫਿਰਦਾ ਹੈ। ਹੇ ਮਨ! ਤੂੰ ਵੀ ਇਸ ਮਾਇਆ-ਮੰਡਲ ਵਿਚ ਆ ਕੇ ਆਪਣੇ ਪ੍ਰਕਾਸ਼ ਰੂਪੀ ਸਵੈ-ਸਰੂਪ ਨੂੰ ਭੁੱਲੀ ਬੈਠਾ ਹੈਂ ਅਤੇ ਮਾਇਆ ਦੇ ਭਾਰ ਥੱਲੇ ਇੰਨਾ ਦਬ ਗਿਆ ਹੈਂ ਕਿ ਤੈਨੂੰ ਆਪਣਾ ਅਸਲੀ ਦੇਸ਼ ਹੀ ਭੁੱਲ ਗਿਆ ਹੈ। ਸਭ ਭਾਰ ਤੂੰ ਆਪਣਾ ਸਮਝ ਕੇ ਔਖਾ ਹੋ ਰਿਹਾ ਹੈਂ, ਤੂੰ ਤਾਂ ਪੱਕਾ ਪਰਦੇਸੀ ਹੈਂ। ਤੂੰ ਤਾਂ ਦੁਨੀਆਂ ਤੋਂ ਨਿਆਰਾ ਹੈਂ। ਇਉਂ ਬੜੇ ਪਿਆਰ ਨਾਲ ਉਸ ਨੂੰ 'ਵਿਚਾਰਵਾਨ' ਤੇ 'ਨਿਰਮਲਾ' ਆਦਿ ਸ਼ਬਦ ਆਖ ਕੇ ਟੁੰਬਦੇ ਤੇ ਅਸਲੇ ਦੀ ਯਾਦ

੧. ਖ਼ੁਸ਼ੀ।
੨. ਵਿਛੋੜਾ ਦੋ ਰਾਹਾਂ ਵਿਚ, ਭਾਵ ਵੱਖੋ-ਵੱਖ।
੩. ਠੱਗਣਾ।



ਕਰਵਾਉਂਦੇ ਹਨ। ਕਦੇ ਉਨ੍ਹਾਂ ਨੂੰ ਮਿਤ੍ਰਾ, ਪਿਆਰਿਆ, ਸਾਜਨਾ ਆਦਿ ਕਹਿ ਕੇ ਬੁਲਾਉਂਦੇ ਹਨ ਤੇ ਕਹਿੰਦੇ ਹਨ ਕਿ ਭਾਈ! ਗੁਰੂ ਧਾਰਨ ਕਰ ਲੈ। ਉਸ ਤੋਂ ਬਿਨਾਂ ਹਉਮੈ ਦੀ ਮੈਲ ਲੱਗੀ ਹੋਈ ਹੈ, ਜੋ ਪਿਆਰੇ ਨਾਲ ਉਸ ਦੇ ਘਰ (ਹਿਰਦੇ) ਵਿਚ ਹੁੰਦੇ-ਸੁੰਦੇ ਮਿਲਣ ਨਹੀਂ ਦਿੰਦੀ। ਉਸ ਨੇ ਹੋਰ ਕਿਸੇ ਉਪਾਅ ਨਾਲ ਨਹੀਂ ਮਿਲਣਾ। ਕੇਵਲ ਗੁਰੂ ਹੀ ਉਸ ਨੂੰ ਮਿਲਾ ਸਕਦਾ ਹੈ। ਉਹ ਹੀ ਤੇਰੀ ਤ੍ਰਿਸ਼ਨਾ ਤੇ ਪਖੰਡ ਦੂਰ ਕਰ ਸਕਦਾ ਹੈ, ਨਹੀਂ ਤਾਂ ਤ੍ਰਿਸ਼ਨਾ ਕਾਰਨ ਜਮ ਸਜ਼ਾ ਦੇਣਗੇ। ਤੂੰ ਗੁਰੂ ਦੀ ਸੱਚੀ ਸਿੱਖਿਆ ਸੁਣ—ਇਹ ਮੋਹ ਮਾਇਆ ਜੋ ਪਸਰੀ ਹੋਈ ਹੈ, ਤੇਰੇ ਨਾਲ ਨਹੀਂ ਜਾਣੀ, ਇਥੇ ਹੀ ਰਹਿ ਜਾਣੀ ਹੈ, ਵੇਖ ਅਸੀਂ ਗੁਰੂ ਨਾਲ ਰਸੂਖ ਪਾ ਕੇ ਪ੍ਰਭੂ-ਨਾਮ ਦਾ ਖ਼ਰਚਾ (ਤੋਸਾ) ਨਾਲ ਲਿਆ, ਜਿਸ ਕਰਕੇ ਪ੍ਰਭੂ ਦੀ ਦਰਗਾਹ ਵਿਚੋਂ ਸਾਨੂੰ ਸਿਰੋਪਾਉ ਮਿਲਿਆ ਹੈ, ਮਾਣ-ਵਡਿਆਈ ਮਿਲੀ ਹੈ, ਅਸੀਂ ਗੁਰਮੁਖ ਦੀ ਕਾਰ ਕੀਤੀ ਸੀ, ਜਿਸ 'ਤੇ ਗੁਰੂ ਪ੍ਰਸੰਨ ਹੋਇਆ। ਤਾਂ ਤੇ ਪਿਆਰਿਆ! ਤੂੰ ਵੀ ਗੁਰੂ ਅੱਗੇ ਮਿੰਨਤ ਤੇ ਜੋਦੜੀ ਕਰ, ਇਹ ਦੁਆਰਾ ਫੜ ਲੈ, ਇਥੇ ਤੈਨੂੰ ਖ਼ੈਰ ਅਵੱਸ਼ ਪਵੇਗੀ:-

**ਕਰਹਲੇ[੧] ਮਨ ਪਰਦੇਸੀਆ ਕਿਉ ਮਿਲੀਐ [੨]ਹਰਿ ਮਾਇ ॥**
**ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥**
**ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥**
**ਮਨ ਕਰਹਲਾ ਵੀਚਾਰੀਆ[੩] ਹਰਿ ਰਾਮ ਨਾਮ ਧਿਆਇ ॥**
**ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥**
**ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥**
**ਪਰਤਖਿ [੪]ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥**
**ਮਨ ਕਰਹਲਾ ਮੇਰੇ ਪ੍ਰੀਤਮਾ[੫] ਹਰਿ ਰਿਦੈ ਭਾਲਿ ਭਾਲਾਇ[੬] ॥**
**ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥**
**ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ[੭] ਹਰਿ ਲਿਵ ਲਾਇ ॥**
**[੮]ਘਰੁ ਜਾਇ ਪਾਵਹਿ [੯]ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥**
**ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ[੧੦] ॥**
**[੧੧]ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥**

੧. ਊਠ ਵਰਗੇ, ਹੇ ਊਠ ਬਿਰਤੀ ਵਾਲੇ ('ਕਰਹਲ' ਊਠ ਨੂੰ ਕਹਿੰਦੇ ਹਨ—'ਜੈਸੇ ਕਰਹਲੁ ਬੈਲਿ ਰਿਝਾਈ ॥')
੨. ਮਾਤਾ ਰੂਪ ਹਰੀ (ਜਿਸ ਤੋਂ ਅਸੀਂ ਬੱਚਿਆਂ ਵਾਂਗ ਵਿਛੜੇ ਹੋਏ ਹਾਂ)।
੩. ਵਿਚਾਰਵਾਨ।
੪. ਪਤੀ ਦਿਲ ਵਿਚ, ਨਾਲ ਹੀ, ਹੈ ਪਰ ਹਉਮੈ ਕਰਕੇ ਜੀਵ-ਰੂਪ ਇਸਤਰੀ ਵਿਛੜ ਕੇ ਚੋਟਾਂ ਖਾਂਦੀ ਹੈ।
੫. ਪਿਆਰਿਆ ਮਨਾਂ।
੬. ਭਾਲ ਕਰ।
੭. ਰਾਤ।
੮. ਵਾਸਾ।
੯. ਪ੍ਰੇਮ ਦੇ ਮਹੱਲ ਵਿਚ।
੧੦. ਛੱਡ ਦੇ।
੧੧. ਪਖੰਡ ਅਤੇ ਲੋਭ ਕਰਕੇ ਤਬਾਹ ਹੋਈਦਾ।

ਮਨ ਕਰਹਲਾ [1]ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
[2]ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥
ਮਨ ਕਰਹਲਾ ਮੇਰੇ ਪਿਆਰਿਆ [3]ਇਕ ਗੁਰ ਕੀ ਸਿਖ ਸੁਣਾਇ ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥
ਮਨ ਕਰਹਲਾ ਮੇਰੇ ਸਾਜਨਾ [4]ਹਰਿ ਖਰਚੁ ਲੀਆ ਪਤਿ ਪਾਇ ॥
ਹਰਿ ਦਰਗਹ [5]ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥
ਮਨ ਕਰਹਲਾ [6]ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ[7] ਜਨ ਨਾਨਕ ਹਰਿ ਮੇਲਾਇ ॥੧੦॥੧॥

(ਗਉੜੀ ਪੂਰਬੀ ਮ: ੪, ਕਰਹਲੇ-੨੩੪)

ਜਿਨ੍ਹਾਂ ਭਾਗਾਂ ਵਾਲਿਆਂ ਦੀ ਸੁਰਤ ਇਹ ਪਿਆਰ-ਭਰਿਆ ਸੁਨੇਹਾ ਲੈ ਕੇ ਸੰਗਤ ਸਦਕੇ ਟੁੰਬੀ ਜਾਂਦੀ ਹੈ, ਉਹ ਗੁਰੂ ਦੀ ਸ਼ਰਣ ਵਿਚ ਆ ਜਾਂਦੇ ਹਨ ਅਤੇ ਗੁਰੂ ਤੋਂ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ ਉਪਦੇਸ਼ ਤੇ ਸ਼ਬਦ ਲੈ ਕੇ ਸ਼ਬਦ ਦੀ ਕਮਾਈ ਕਰਨ ਵਿਚ ਜੁਟ ਜਾਂਦੇ ਹਨ। ਇਉਂ ਉਨ੍ਹਾਂ ਦੀ ਸੁਰਤ ਦੂਜੇ ਪੜਾਅ 'ਸ਼ਬਦਾਕਾਰ' ਵਿਚ ਦਾਖ਼ਲ ਹੋ ਜਾਂਦੀ ਹੈ।

## (ਅ) ਸ਼ਬਦਾਕਾਰ

ਉਹ ਹੁਣ ਨੇਮ ਅਨੁਸਾਰ ਬਾਣੀ ਪੜ੍ਹਦੇ ਹਨ ਤੇ ਦਾਸ ਬਣ ਕੇ ਗੁਰੂ-ਹੁਕਮਾਂ ਨੂੰ ਮੰਨਦੇ ਹਨ। ਅੰਮ੍ਰਿਤ ਵੇਲੇ ਉੱਠ ਕੇ ਸਾਵਧਾਨ ਹੋਣ ਉਪਰੰਤ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ—ਪੰਜਾਂ ਪਿਆਰਿਆਂ ਨੇ ਮੂਲ ਮੰਤ੍ਰ ਰਾਹੀਂ ਜੋ ਪ੍ਰਮਾਤਮਾ ਦਾ ਸਰੂਪ ਦ੍ਰਿੜ੍ਹਾਇਆ ਹੈ, ਉਸ ਨੂੰ ਆਪਣੇ ਹਿਰਦੇ ਵਿਚ ਰੱਖ ਕੇ ਪੰਜ ਪਿਆਰਿਆਂ ਦੁਆਰਾ ਦ੍ਰਿੜ੍ਹਾਏ ਪ੍ਰਭੂ-ਨਾਮੇ ਦੀ ਪਪੀਹੇ ਵਾਂਗ ਰਟ ਲਾਉਂਦੇ ਹਨ। ਆਮ ਤੌਰ 'ਤੇ ਪਹਿਲੋਂ ਇਹ ਰਟ ਬੋਲ ਕੇ ਉੱਚੀ-ਉੱਚੀ ਹੁੰਦੀ ਹੈ, ਫਿਰ ਜਿਉਂ-ਜਿਉਂ ਜਪਣ ਵਿਚ ਸੁਆਦ ਆਉਂਦਾ ਹੈ ਤੇ ਪ੍ਰਭੂ ਹੋਂਦ ਅੰਦਰ ਬਣਦੀ ਹੈ, ਮੂੰਹ ਬੰਦ ਹੁੰਦਾ ਜਾਂਦਾ ਹੈ ਤੇ ਮਨ ਅੰਤਰਮੁਖ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਨਾਮ ਹਿਰਦੇ ਤੇ ਸੁਰਤ ਵਿਚ ਸੰਚਰਨ ਲੱਗ ਜਾਂਦਾ ਹੈ। ਇਸ ਨਾਲ ਉਨ੍ਹਾਂ ਦੀ ਸੁਰਤ ਹੌਲੀ-ਹੌਲੀ ਆਪਣੇ ਮਾਇਆ ਰੂਪੀ ਮਨ ਦਾ ਰੰਗ ਛੱਡਣਾ ਸ਼ੁਰੂ ਕਰ ਦਿੰਦੀ ਹੈ ਅਤੇ ਜਿਉਂ-ਜਿਉਂ ਗੁਰਬਾਣੀ ਤੇ ਨਾਮ ਨਾਲ ਭਿੱਜਦੀ ਹੈ, ਉਹ ਇਨ੍ਹਾਂ ਦਾ ਰੰਗ ਲੈਂਦੀ ਜਾਂਦੀ ਹੈ ਅਤੇ ਅੰਤ

੧. ਹੇ ਮੇਰੀ ਜਾਨ, ਪਿਆਰੇ ਮਨ।
੨. ਗੁਰੂ ਨੇ ਹਰੀ ਨਾਮ ਦਾ ਅੰਮ੍ਰਿਤ ਸਰੋਵਰ ਲਬਾਲਬ ਭਰਿਆ ਹੋਇਆ ਹੈ।
੩. ਗੁਰੂ ਦੀ ਇਕ ਸਿੱਖਿਆ ਸੁਣ (ਜੋ ਅਗਲੀ ਤੁਕ ਵਿਚ ਦਿੱਤੀ ਹੈ)।
੪. ਗੁਰੂ ਨਾਲ ਰਸੂਖ ਪਾ ਕੇ (ਪਤਿ ਪਾਇ) ਹਰੀ-ਨਾਮ ਦਾ ਖ਼ਰਚਾ ਲਿਆ (ਜੀਵਨ ਦੇ ਸਫ਼ਰ ਲਈ)।
੫. ਅੱਗੋਂ ਹਰੀ ਦੇ ਹਜ਼ੂਰੋਂ ਖ਼ਿਲਅੱਤ ਜਾਂ ਇੱਜ਼ਤ ਦੀ ਪੁਸ਼ਾਕ (ਸਿਰੋਪਾਉ) ਦਿੱਤੀ, ਅਰਥਾਤ ਮਨ ਵਡਿਆਈ ਹੋਈ।
੬. ਗੁਰੂ ਨੇ ਮੰਨ ਲਿਆ (ਕਬੂਲ ਕੀਤਾ), ਜਦੋਂ ਗੁਰਮੁਖ ਹੋ ਕੇ ਘਾਲ ਘਾਲੀ।
੭. ਬੇਨਤੀ।



ਨੂੰ ਪੂਰੀ ਹੀ ਸ਼ਬਦਾਕਾਰ ਬਣ ਜਾਂਦੀ ਹੈ। ਗੁਰੂ ਦੀਖਿਆ ਘਰ ਉਪਰੰਤ ਜਿਨ੍ਹਾਂ ਜਿਨ੍ਹਾਂ ਵੱਡੀਆਂ-ਵੱਡੀਆਂ ਘਾਟੀਆਂ ਰਾਹੀਂ ਗੁਰਸਿੱਖ ਦੀ ਸੁਰਤ ਲੰਘਦੀ ਹੈ, ਉਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਬੜੇ ਸੁੰਦਰ ਢੰਗ ਨਾਲ ਨਿਰੂਪਣ ਕੀਤਾ ਹੈ ਅਤੇ ਪਉੜੀ ਦੇ ਅੰਤ ਵਿਚ ਆਪ ਜੀ ਅਜਿਹੇ ਗੁਰਮੁਖਾਂ ਦਾ ਆਉਣਾ ਹੀ ਸਫ਼ਲ ਦਰਸਾਉਂਦੇ ਹਨ ਤੇ ਉਨ੍ਹਾਂ ਦੀ ਮਾਤਾ ਨੂੰ ਵੀ ਧੰਨਤਾ ਦਾ ਪਾਤਰ ਸਮਝਦੇ ਹਨ:-

ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ ॥
ਗੁਰ ਚਰਣੀ ਚਿਤ ਲਾਇ ਮਥਾ ਲਾਇਆ ॥
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ ॥
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ ॥
ਸਬਦਿ ਸੁਰਤਿ ਲਿਵ ਲਾਇ ਹੁਕਮੁ ਕਮਾਇਆ ॥
ਸਾਧ[1] ਸੰਗਤਿ ਭੈ ਭਾਇ ਨਿਜ[2] ਘਰਿ ਪਾਇਆ ॥
ਚਰਣ[3] ਕਵਲ ਪਤੀਆਇ ਭਵਰੁ[4] ਲੁਭਾਇਆ ॥
ਸੁਖ[5] ਸੰਪਟ ਪਰਚਾਇ ਅਪਿਓ[6] ਪੀਆਇਆ ॥
ਧੰਨੁ ਜਣੇਦੀ ਮਾਇ ਸਹਿਲਾ[7] ਆਇਆ ॥੨੦॥੩॥

(ਵਾਰ ੩, ਪਉੜੀ ੨੦)

ਜਦੋਂ ਕੋਈ ਗੁਰੂ ਦੀ ਸ਼ਰਣ ਵਿਚ ਆਉਂਦਾ ਹੈ ਅਤੇ ਸਿੱਖ ਬਣ ਕੇ (ਅੰਮ੍ਰਿਤ ਪਾਣ ਕਰ ਕੇ) ਸਿੱਖੀ-ਮਾਰਗ 'ਤੇ ਤੁਰਦਾ ਹੈ ਤਾਂ ਪਹਿਲਾਂ ਉਸ ਦੇ ਅੰਦਰ ਗੁਰੂ ਕਰਤਾ ਪੁਰਖ ਦਾ ਭੈ ਉਤਪੰਨ ਹੁੰਦਾ ਹੈ। ਹਰ ਰੋਜ਼ ਗੁਰਮੁਖਾਂ ਦੀ ਸੰਗਤ ਵਿਚ ਬੈਠਣ ਨਾਲ ਅਤੇ ਗੁਰਬਾਣੀ ਦੇ ਸਪਰਸ਼ ਨਾਲ ਦੁੱਖ, ਮੌਤ ਦਾ ਭੈ, ਜਮਾਂ ਦੇ ਡੰਡ ਆਦਿ ਸੰਬੰਧੀ ਸਮਝ ਪੈਂਦੀ ਹੈ। ਇਨ੍ਹਾਂ ਚੀਜ਼ਾਂ ਤੋਂ ਭੈ-ਭੀਤ ਹੋ ਕੇ ਸਿੱਖ ਫਿਰ ਹੋਰ ਧਿਆਨ ਨਾਲ ਬਾਣੀ ਪੜ੍ਹਦਾ ਹੈ ਤੇ ਛੁਟਕਾਰੇ ਲਈ ਤਰੱਦਦ ਕਰਦਾ ਹੈ।

ਜਿੰਨਾ ਜ਼ਿਆਦਾ ਇਸ ਨੂੰ ਉਕਤ ਚੀਜ਼ਾਂ ਤੋਂ ਭੈ ਲੱਗਦਾ ਹੈ, ਉਨ੍ਹਾਂ ਹੀ ਛੇਤੀ ਇਹ ਪਾਪ ਰੂਪੀ ਮਾਇਆ ਵਿਚ ਫਸਾਉਣ ਵਾਲੇ ਔਗੁਣਾਂ ਦਾ ਤਿਆਗ ਕਰਦਾ ਹੈ। ਇਹ ਡਰ ਗੁਰਸਿੱਖ ਦੇ ਅੰਦਰ ਗੁਰੂ-ਕਿਰਪਾ ਨਾਲ ਪੈਂਦਾ ਹੈ ਅਤੇ ਗੁਰੂ ਆਪਣੀ ਕਿਰਪਾ ਉਦੋਂ ਕਰਦਾ ਹੈ, ਜਦੋਂ ਇਹ ਗੁਰੂ ਨੂੰ ਤਨ, ਮਨ ਤੇ ਧਨ ਦੇਣ ਦਾ ਇਕਰਾਰ ਕਰਦਾ ਹੈ ਅਤੇ ਗੁਰਮਤਿ (ਗੁਰੂ ਦੀ ਮਤ ਜੋ ਗੁਰਬਾਣੀ ਰਾਹੀਂ ਪ੍ਰਗਟ ਹੈ) ਧਾਰਨ ਕਰਨਾ ਸ਼ੁਰੂ ਕਰਦਾ ਹੈ। ਜਿਸ ਦਿਨ ਗੁਰੂ ਦੀ ਮਤ ਪੂਰੀ ਗ੍ਰਹਿਣ ਹੋ ਜਾਣੀ ਹੈ ਅਰਥਾਤ ਗੁਰਬਾਣੀ ਰਿਦੇ ਅੰਦਰ ਵਸ ਜਾਣੀ ਹੈ, ਉਸ ਦਿਨ ਗੁਰਸਿੱਖ

੧. ਸਾਧਸੰਗਤ ਵਿਚ ਭੈ ਤੇ ਪ੍ਰੇਮ ਰੱਖ ਕੇ।
੨. ਆਪਣਾ ਸਰੂਪ (ਘਰ ਪਾ ਲਿਆ)।
੩. ਸਤਿਗੁਰ ਦੇ ਚਰਨ ਕੰਵਲਾਂ ਨਾਲ ਪਤੀਜ ਕੇ।
੪. ਭੰਵਰੇ ਵਾਂਗ ਲੁਭਾਇਮਾਨ ਹੋ ਗਿਆ।
੫. ਸੁੱਖ ਦੇ ਡੱਬੇ (ਸੰਪਟ) ਵਿਚੋਂ ਸ਼ਬਦ ਦੇ ਰਤਨਾਂ ਨਾਲ ਪਰਚ ਕੇ (ਪ੍ਰੇਮ ਕਰਕੇ)।
੬. ਅੰਮ੍ਰਿਤ।
੭. ਸਫਲ।

ਅੰਦਰ ਕੋਈ ਔਗੁਣ ਨਹੀਂ ਰਹਿਣਾ ਤੇ ਸਥੂਲ ਆਪਾ-ਭਾਵ ਦਾ ਪੂਰਨ ਅਭਾਵ ਹੋ ਜਾਣਾ ਹੈ:-

**ਗੁਰ ਪਰਸਾਦੀ ਭਉ[੧] ਪਇਆ [੨]ਵਡਭਾਗਿ ਵਸਿਆ ਮਨਿ ਆਇ ॥**
**ਭੈ ਪਇਐ ਮਨੁ ਵਸਿ ਹੋਆ [੩]ਹਉਮੈ ਸਬਦਿ ਜਲਾਇ ॥**

(ਵਾਰ ਸੋਰਠਿ ਮ: ੩-੬੪੫)

ਮਾਇਆ ਵਿਚ ਰੰਗੇ ਕੋਰੇ ਮਨ ਨੂੰ ਨਾਮ ਰੰਗਣ ਨਹੀਂ ਚੜ੍ਹ ਸਕਦੀ ਕਿਉਂ ਜੋ ਉਸ ਦੀ ਗ੍ਰਹਿਣ ਕਰਨ ਵਾਲੀ ਸੁਰਤ ਤਾਂ ਗੁਰਬਾਣੀ ਪੜ੍ਹਨ ਤੇ ਨਾਮ ਜਪਣ ਸਮੇਂ ਹਾਜ਼ਰ ਨਹੀਂ ਹੁੰਦੀ, ਮਾਇਆ ਪਿਛੇ ਫਿਰ ਰਹੀ ਹੁੰਦੀ ਹੈ। ਇਸੇ ਕਰਕੇ ਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ:-

**ਹਰਿ ਹਰਿ ਨਿਤ ਕਰਹਿ [੪]ਰਸਨਾ ਕਹਿਆ ਕਛੂ ਨ ਜਾਣੀ ॥**
**ਚਿਤੁ ਜਿਨ ਕਾ ਹਿਰਿ[੫] ਲਇਆ ਮਾਇਆ ਬੋਲਨਿ ਪਏ ਰਵਾਣੀ ॥**

(ਰਾਮਕਲੀ ਮ: ੩, ਅਨੰਦੁ-੯੨੦)

ਉਨ੍ਹਾਂ ਦੀ ਮਾਇਆ ਦੀ ਪਾਣ ਕਰਤਾਰ ਦੇ ਭੈ ਨਾਲ ਲਹਿੰਦੀ ਹੈ। ਇਸ ਨਾਲ ਉਨ੍ਹਾਂ ਦੇ ਖੋਟੇ ਸੰਕਲਪ-ਵਿਕਲਪ ਉਠਣੇ ਬੰਦ ਹੁੰਦੇ ਹਨ। ਫਿਰ ਗੁਰਬਾਣੀ ਦਾ ਜੋ ਅਭਿਆਸ ਹੈ, ਜੀਵ ਨੂੰ ਕੁਕਰਮਾਂ ਤੋਂ ਦੂਰ ਰੱਖਦਾ ਹੈ ਤੇ ਉਸ ਦੇ ਮਨ ਨੂੰ ਪਾਹੁ ਚਾੜ੍ਹਨ ਦਾ ਕੰਮ ਦਿੰਦਾ ਹੈ। ਅਜਿਹੇ ਪਾਹੁ-ਚੜ੍ਹੇ ਮਨ 'ਤੇ ਫਿਰ ਪ੍ਰਭੂ ਪ੍ਰੇਮ ਤੇ ਨਾਮ ਦੀ ਰੰਗਣ ਪੱਕੇ ਤੌਰ 'ਤੇ ਚੜ੍ਹਦੀ ਹੈ ਤੇ ਇਹ ਰੰਗਣ ਫਿਰ ਕਦੇ ਨਾ ਲੱਥਣ ਵਾਲੀ ਮਜੀਠੀ ਹੋ ਜਾਂਦੀ ਹੈ:-

**ਨਾਨਕ ਪਾਹੈ[੬] ਬਾਹਰਾ ਕੋਰੈ ਰੰਗੁ ਨ ਸੋਇ ॥**
**ਭੈ ਵਿਚਿ ਖੁੰਬਿ[੭] ਚੜਾਈਐ ਸਰਮੁ ਪਾਹੁ[੮] ਤਨਿ ਹੋਇ ॥**
**ਨਾਨਕ [੯]ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥**

(ਆਸਾ ਦੀ ਵਾਰ, ਸਲੋਕ ਮ: ੧-੪੬੮)

ਪੁਨਾ:-

**ਹਰਿ ਰੰਗ ਕਉ ਲੋਚੈ ਸਭੁ ਕੋਈ ॥ ਗੁਰਮੁਖਿ ਰੰਗੁ [੧੦]ਚਲੂਲਾ ਹੋਈ ॥੨॥**
**ਮਨਮੁਖਿ ਮੁਗਧੁ[੧੧] ਨਰੁ ਕੋਰਾ ਹੋਇ ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥**

(ਸੂਹੀ ਮ: ੪-੭੩੨)

---

੧. ਗੁਰੂ ਦੀ ਕ੍ਰਿਪਾ ਨਾਲ।
੨. ਵੱਡੇ ਭਾਗਾਂ ਨਾ ਹਰੀ ਮਨ ਵਿਚ ਆ ਵਸਿਆ।
੩. ਹਉਮੈ ਨੂੰ ਗੁਰੂ ਸ਼ਬਦ ਦੁਆਰਾ ਸਾੜ ਦਿੰਦਾ ਹੈ।
੪. ਆਖਿਆਂ ਕੁਝ ਨਹੀਂ ਜਾਣਦੇ, ਆਖੇ ਦੀ ਪਰਵਾਹ ਨਹੀਂ ਕਰਦੇ ਅਰਥਾਤ ਉਨ੍ਹਾਂ ਦੇ ਦਿਲ, ਦਿਮਾਗ 'ਤੇ ਕੋਈ ਅਸਰ ਨਹੀਂ ਹੁੰਦਾ।
੫. ਚੁਰਾਇਆ ਹੈ ਮਾਇਆ ਨੇ।
੬. ਪਾਹ ਤੋਂ ਬਿਨਾਂ।
੭. ਧੋਬੀ ਦਾ ਉਹ ਬਰਤਨ, ਜਿਸ ਨਾਲ ਖਾਰ ਨਾਲ ਮਿਲਿਆ ਪਾਣੀ ਪਾ ਕੇ ਉੱਪਰ ਬਸਤਰ ਚਿਣ ਕੇ ਤੇਜ ਭਾਫ਼ ਦਿੰਦਾ ਹੈ, ਜਿਸ ਤੋਂ ਮੈਲ ਵੱਖਰੀ ਹੋ ਜਾਂਦੀ ਹੈ।
੮. ਸੰਗਣਾ।
੯. ਜੇ ਪ੍ਰੇਮ ਦੇ ਰੰਗ ਵਿਚ ਰੰਗਿਆ ਜਾਏ ਤਾਂ ਇਸ ਨੂੰ ਕੂੜ ਦੀ ਸੋਭਾ ਨਹੀਂ ਹੋਣੀ।
੧੦. ਗੂੜ੍ਹਾ ਲਾਲ (ਗੁਲ ਲਾਲਹ ਵਰਗਾ)।
੧੧. ਮੂਰਖ।



ਭੈ ਦੇ ਖੇਤਰ ਤੇ ਫਲ ਨੂੰ ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ:-

**ਭੈ ਵਿਚਿ ਨਿੰਮਣਿ ਨਿਮਿ ਭੈ ਵਿਚਿ ਜਾਇਆ ॥**
**ਭੈ ਵਿਚਿ ਗੁਰਮੁਖਿ ਪੰਥਿ ਸਰਣੀ ਆਇਆ ॥**
**ਭੈ ਵਿਚਿ ਸੰਗਤਿ ਸਾਧ ਸਬਦੁ ਕਮਾਇਆ ॥**
**ਭੈ ਵਿਚਿ ਜੀਵਨੁ ਮੁਕਤਿ ਭਾਣਾ ਭਾਇਆ ॥**
**ਭੈ ਵਿਚਿ ਜਨਮੁ ਸਵਾਰਿ ਸਹਜਿ ਸਮਾਇਆ ॥**
**ਭੈ ਵਿਚਿ ਨਿਜ ਘਰਿ ਜਾਇ ਪੂਰਾ ਪਾਇਆ ॥੨੦॥**

(ਵਾਰ ੨੦, ਪਉੜੀ ੨੦)

ਅਰਥਾਤ ਜਦ ਜੀਵ ਗਰਭ ਵਿਚ ਨਿੰਮਿਆ ਹੁੰਦਾ ਹੈ ਤਦ ਵੀ ਭੈ ਵਿਚ ਹੁੰਦਾ ਹੈ ਅਤੇ ਜਦ ਜੰਮਦਾ ਹੈ ਤਦ ਵੀ ਡਰ ਵਿਚ ਹੀ ਹੁੰਦਾ ਹੈ, ਫਿਰ ਭੈ ਵਿਚ ਹੀ ਗੁਰਮੁਖਾਂ ਦੇ ਪੰਥ ਵਿਚ ਆ ਕੇ ਵਾਹਿਗੁਰੂ ਦੀ ਸ਼ਰਨ ਪੈਂਦਾ ਹੈ, ਭੈ ਵਿਚ ਹੀ ਜੀਵ ਸਾਧਸੰਗਤ ਵਿਚ ਸ਼ਬਦ ਦਾ ਅਭਿਆਸ ਕਰਦਾ ਹੈ, ਭੈ ਵਿਚ ਹੀ ਜੀਵਨ ਮੁਕਤ ਹੁੰਦਾ ਹੈ ਅਤੇ ਉਸ ਨੂੰ ਅਕਾਲ ਪੁਰਖ ਦਾ ਭਾਣਾ ਮਿੱਠਾ ਲੱਗਦਾ ਹੈ। ਭੈ ਵਿਚ ਹੀ ਜਨਮ ਸੰਵਾਰ ਕੇ ਸ਼ਾਂਤ ਪਦ ਭਾਵ ਸਰੂਪ ਵਿਖੇ ਸਮਾਉਂਦਾ ਹੈ ਅਤੇ ਭੈ ਵਿਚ ਹੀ ਨਿਜ ਘਰ ਵਿਚ ਜਾ ਕੇ ਅਕਾਲ ਪੁਰਖ ਦਾ ਪੂਰਨ ਦਰਸ਼ਨ ਤੇ ਮੇਲ ਪਾਉਂਦਾ ਹੈ।

ਇਕ ਵੰਨੇ ਮਨ ਵਿਚ ਭੈ ਬਣਦਾ ਹੈ। ਇਸ ਦੇ ਨਾਲ ਹੀ ਜੀਵ ਨੂੰ ਸਮਝ ਪੈਂਦੀ ਹੈ ਕਿ ਮਨ ਮਗਰ ਲੱਗਣਾ ਉਚਿੱਤ ਤੇ ਲਾਭਦਾਇਕ ਵੀ ਨਹੀਂ ਕਿਉਂ ਜੋ ਇਸ ਨਾਲ ਜੀਵ ਨੂੰ ਪ੍ਰਭੂ ਵਿਸਰਦਾ ਹੈ ਤੇ ਇਸ ਦਾ ਨਾਮ-ਜਾਪ ਚੱਲਦਾ ਨਹੀਂ ਤੇ ਆਨੰਦ, ਰਸ, ਬਣਦਾ ਨਹੀਂ। ਉਹ ਫਿਰ ਇਸ ਨੂੰ ਆਮ ਅਵਾਰਾ ਫਿਰਨ ਤੋਂ ਰੋਕਣਾ ਸ਼ੁਰੂ ਕਰ ਦਿੰਦਾ ਹੈ ਅਤੇ ਗੁਰੂ ਮਹਾਰਾਜ ਜੀ ਕੋਲ ਬੇਨਤੀਆਂ ਵੀ ਕਰਦਾ ਹੈ ਕਿ ਉਹ ਉਸ ਦੀ ਇਸ ਕੰਮ ਵਿਚ ਸਹਾਇਤਾ ਕਰਨ:-

**[੧]ਮਨੁ ਚਲੈ ਨ ਜਾਈ ਠਾਕਿ ਰਾਖੁ ॥**
**ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ[੨] ॥**
**ਤੂ ਆਪੇ ਸੁਰਤਾ ਆਪਿ ਰਾਖੁ[੩] ॥**
**[੪]ਧਰਿ ਧਾਰਣ ਦੇਖੈ ਜਾਣੈ ਆਪਿ ॥੪॥**

(ਬਸੰਤ ਮ: ੧-੧੧੮੮)

ਅਤੇ

**[੫]ਹਰਿ ਕੀਰਤਨ ਰਸ ਭੋਗ ਰੰਗੁ ॥ ਮਨ ਪਾਪ ਕਰਤ ਤੂ ਸਦਾ ਸੰਗੁ[੬] ॥**

---

੧. ਮਨ ਦੌੜਦਾ ਹੈ। ਇਸ ਨੂੰ ਰੋਕ ਕੇ ਰੱਖ।
੨. ਇਤਬਾਰ।
੩. ਰੱਖਣ ਵਾਲਾ।
੪. ਸ੍ਰਿਸ਼ਟੀ ਨੂੰ ਬਣਾ ਕੇ ਆਪ ਹੀ ਵੇਖਦਾ ਹੈ।
੫. ਹਰੀ ਕੀਰਤਨ ਦਾ ਰਸ ਮਾਣਨਾ ਇਹ ਤੇਰੇ ਲਈ ਰੰਗ (ਮੌਜ ਮਾਣਨਾ) ਹੋਵੇ।
੬. ਝਿਜਕ।

**[੧]ਨਿਕਟਿ ਪੇਖੁ ਪ੍ਰਭੁ ਕਰਣਹਾਰ ॥ [੨]ਈਤ ਊਤ ਪ੍ਰਭ ਕਾਰਜ ਸਾਰ ॥**

(ਬਸੰਤ ਮ: ੪-੧੧੮੩)

ਜਿਉਂ ਜਿਉਂ ਮਨ ਸ਼ੁੱਧ ਹੁੰਦਾ ਜਾਂਦਾ ਹੈ ਤਿਉਂ-ਤਿਉਂ ਗੁਰਸਿੱਖ ਨੂੰ ਗੁਰੂ 'ਤੇ ਵੱਧ ਤੋਂ ਵੱਧ ਪ੍ਰਤੀਤ ਆਉਂਦੀ ਜਾਂਦੀ ਹੈ ਤੇ ਜਿਉਂ-ਜਿਉਂ ਗੁਰੂ 'ਤੇ ਪ੍ਰਤੀਤ ਆਉਂਦੀ ਹੈ, ਉਸ ਨੂੰ ਕਰਤਾਰ ਚਿਤ ਆਉਂਦਾ ਹੈ:-

**ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

(ਗਉੜੀ ਸੁਖਮਨੀ ਮ: ੫-੨੮੩)

ਹੁਣ ਗੁਰਸਿੱਖ ਬਾਣੀ ਨੂੰ ਸਤਿ-ਸਤਿ ਕਰ ਕੇ ਮੰਨਦਾ ਹੈ ਤੇ ਇਸ ਦੇ ਪੜ੍ਹਨ ਵਿਚ ਇਸ ਨੂੰ ਸੁਆਦ ਆਉਂਦਾ ਹੈ। ਮਨ ਨਾਮ ਜਪਣ 'ਚ ਵੀ ਟਿਕਦਾ ਹੈ ਤੇ ਅੰਤਰ-ਆਤਮੇ ਵਾਹਿਗੁਰੂ ਹੋਂਦ ਵੀ ਬਣਨੀ ਸ਼ੁਰੂ ਹੋ ਜਾਂਦੀ ਹੈ:-

**ਇਹ ਬਾਣੀ ਜੋ ਜੀਅਹੁ[੩] ਜਾਣੈ ਤਿਸੁ ਅੰਤਰਿ ਰਵੈ[੪] ਹਰਿ ਨਾਮਾ ॥**

(ਬਿਲਾਵਲ ਮ: ੩-੭੯੭)

ਇਹ ਹੋਂਦ ਉਹ ਬੀਜ ਹੈ ਜਿਸ ਨੇ ਕਿਸੇ ਸੁਭਾਗੇ ਦਿਨ ਵਾਹਿਗੁਰੂ ਰੂਪ ਬਣ ਕੇ ਪ੍ਰਗਟ ਹੋ ਜਾਣਾ ਹੈ। ਗੁਰਸਿੱਖ ਦੀ ਵਾਹਿਗੁਰੂ ਜੀ ਦੇ ਇਸ ਸਤਿ-ਸਰੂਪ ਨਾਲ ਪ੍ਰੀਤੀ ਪੈ ਜਾਂਦੀ ਹੈ ਤੇ ਉਹ ਇਸ ਨੂੰ ਦ੍ਰਿੜ੍ਹ ਕਰਦਾ ਤੇ ਇਸ ਦਾ ਅਨੁਭਵ ਵਧਾਉਂਦਾ ਤੁਰਿਆ ਜਾਂਦਾ ਹੈ। ਹੁਣ ਗੁਰਬਾਣੀ ਨੂੰ ਵੀ ਵਾਹਿਗੁਰੂ ਦੀ ਉਸਤਤਿ ਕਰਕੇ ਜਾਣਨ ਲੱਗ ਜਾਂਦਾ ਹੈ ਤੇ ਪ੍ਰੇਮ ਦੀ ਕਣੀ ਅੰਦਰ ਆ ਜਾਣ ਕਰਕੇ ਡਰ ਦੀ ਅੰਸ਼ ਘਟਦੀ ਜਾਂਦੀ ਹੈ ਤੇ ਗੁਰਬਾਣੀ ਦਾ ਰਸ ਮਾਣਨ ਦੀ ਲਟਕ ਵਧਦੀ ਜਾਂਦੀ ਹੈ। ਸਤਿਸੰਗਤ ਵਿਚ ਜਾ ਕੇ ਜੁੜਨ ਲੱਗ ਜਾਂਦਾ ਹੈ ਤੇ ਸ਼ਬਦ-ਸੁਰਤ ਦੀ ਅਸਲੀ ਕਮਾਈ ਸ਼ੁਰੂ ਹੋ ਜਾਂਦੀ ਹੈ। ਕਿਉਂ ਜੋ ਹੁਣ ਸਤਿਸੰਗਤ ਵਿਚ ਜਾ ਕੇ ਮਨ, ਪਿਆਰੇ ਦੀ ਛੋਹ ਲੈਣ ਲੱਗ ਪੈਂਦਾ ਹੈ ਤੇ ਉਸ ਦੇ ਨਾਮ-ਸਰੋਵਰ ਵਿਚ ਇਸ਼ਨਾਨ ਹੋਣੇ ਸ਼ੁਰੂ ਹੋ ਜਾਂਦੇ ਹਨ। ਸਤਿਸੰਗਤ ਹੁਣ ਬੈਕੁੰਠ-ਰੂਪ ਵਿਚ ਪ੍ਰਗਟ ਹੋ ਆਉਂਦੀ ਹੈ। ਪਹਿਲੋਂ ਇਹ ਜੀਵ ਸਤਿਸੰਗਤ ਵਿਚ ਹੁਕਮ ਮੰਨ ਕੇ ਹੀ ਜਾਂਦਾ ਸੀ ਤੇ ਹੁਣ ਇਹ ਆਪਣੀ ਸੁਰਤ ਲਈ ਖ਼ੁਰਾਕ ਲੈਣ ਲਈ ਜਾਂਦਾ ਹੈ, ਇਸ ਦੀ ਸੁਰਤ ਉਥੇ ਸਰੂਰ ਵਿਚ ਆਉਂਦੀ ਤੇ ਪੱਕਦੀ ਹੈ:-

**ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥**
**ਹਉਮੈ ਰੋਗੁ ਗਇਆ ਭਉ ਭਾਗਾ [੫]ਸਹਜੇ ਸਹਜਿ ਮਿਲਾਇਆ ॥**

(ਸੂਹੀ ਮ: ੪-੭੭੩)

ਪਹਿਲੋਂ :

**ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥੨॥**
**ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥**

੧. ਨੇੜੇ ਦੇਖ।
੨. ਇਥੇ ਉਥੇ ਹਰੀ ਹੀ ਕਾਰਜ ਸੰਵਾਰਨ ਵਾਲਾ ਹੈ।
੩. ਦਿਲੋਂ ਸ਼ਰਧਾ ਅਤੇ ਪ੍ਰਤੀਤ ਨਾਲ।
੪. ਵਸ ਜਾਂਦਾ ਹੈ।
੫. ਸੁਤੇ-ਸਿੱਧ ਹੀ ਸਹਿਜ ਅਵਸਥਾ ਵਿਚ ਮਿਲ ਗਿਆ, ਅਰਥਾਤ ਸਹਿਜ ਨੂੰ ਪ੍ਰਾਪਤ ਹੋਇਆ।



**ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ[੧] ਭਗਵਾਨ ॥੩॥**

(ਪ੍ਰਭਾਤੀ ਮ: ੪-੧੩੩੫)

ਤੇ ਹੁਣ:

**ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥**
**ਕਹੁ ਕਬੀਰ ਇਹ ਕਹੀਐ ਕਾਹਿ[੨] ॥ [੩]ਸਾਧਸੰਗਤਿ ਬੈਕੁੰਠੈ ਆਹਿ ॥੪॥**

(ਗਉੜੀ ਕਬੀਰ ਜੀ-੩੨੫)

ਭੈ ਤੋਂ ਅੱਗੇ ਜੋ ਦੂਜੀ ਅਹਿਮ ਚੀਜ਼ ਆਤਮ-ਮਾਰਗ ਵਿਚ ਲੋੜੀਂਦੀ ਹੈ, ਉਹ ਹੈ ਭਾਉ, ਜਿਸ ਦੀ ਕਣੀ ਇਸ ਨੂੰ ਹੁਣ ਮਿਲੀ ਹੈ। ਇਥੇ ਤਕ ਤਾਂ ਮਾਨੋ ਧਰਤੀ 'ਤੇ ਸਫ਼ਰ ਹੋ ਰਿਹਾ ਸੀ ਜਿਵੇਂ ਕਿ ਜਦੋਂ ਕਿਤੇ ਦੂਰ ਥਾਂ 'ਤੇ ਜਾਣਾ ਹੋਵੇ ਤਾਂ ਪਹਿਲੇ ਸਟੇਸ਼ਨ 'ਤੇ ਪਹੁੰਚਣਾ ਪੈਂਦਾ ਹੈ। ਅਸਲੀ ਸਫ਼ਰ ਤਾਂ ਗੱਡੀ 'ਤੇ ਚੜ੍ਹ ਕੇ ਹੀ ਤਹਿ ਹੁੰਦਾ ਹੈ ਤੇ ਜਿਸ ਵੇਲੇ ਅਤਿ ਨਿਰਮਲ ਪਿਆਰ ਉਪਜ ਪੈਂਦਾ ਹੈ, ਉਹ ਤਾਂ ਮਾਨੋ ਹਵਾਈ ਜਹਾਜ਼ ਵਾਂਗੂੰ ਉਡਾਰੀਆਂ ਹੀ ਲਵਾਉਂਦਾ ਹੈ ਤੇ ਪਤੀ ਦੇ ਦੇਸ਼ 'ਚ ਤੁਰੰਤ ਜਾ ਖੜਾ ਕਰਦਾ ਹੈ :-

**[੪]ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥**
**ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥**

(ਬਿਲਾਵਲੁ ਮ: ੫-੮੩੭)

ਜਦ ਸੁਰਤ ਦੇ ਹੱਥ ਪ੍ਰੇਮ ਦੀ ਡੋਰੀ ਲੱਗ ਜਾਂਦੀ ਹੈ ਤਾਂ ਨਾਮ-ਜਾਪ ਨਵੇਂ ਰੰਗ ਤੇ ਹੁਲਾਸ ਵਿਚ ਆਉਂਦਾ ਹੈ। ਨਾਮ-ਜਾਪ ਦੀ ਧੁਨੀ ਅਨਿਕ ਪ੍ਰੇਮ-ਤਰੰਗਾਂ ਦਾ ਕਾਰਨ ਬਣਦੀ ਹੈ। ਇਉਂ ਲਗਦਾ ਹੈ ਕਿ ਪਿਆਰਾ ਪ੍ਰਗਟ ਹੋਇਆ ਕਿ ਹੋਇਆ। ਇਥੇ ਪ੍ਰੇਮ ਫੋਕਾ ਬਿਰਹਾ ਨਹੀਂ ਜੋ ਦੂਰ-ਦੁਰੇਡੇ ਵੱਸਦੇ ਪਿਆਰੇ ਨੂੰ ਹਾਕਾਂ ਮਾਰਦਾ ਹੋਵੇ। ਇਥੇ ਤਾਂ ਪਿਆਰ-ਹੂਕਾਂ ਹੋਂਦ ਵਿਚੋਂ ਉਠੀਆਂ ਹੋਂਦ ਧੁਨੀ ਖਿਲਾਰੀਆਂ ਹੁੰਦੀਆਂ ਹਨ। ਇਥੇ ਜੀਵ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਪ੍ਰਮਾਤਮਾ 'ਭਾਉ ਭਗਤ ਕਾ ਭੁਖਾ' ਹੈ, ਇਸ ਲਈ ਅਕਲ ਸਿਆਣਪ ਦਾ ਅੜਿੱਕਾ ਵੀ ਕੱਢ ਦੇਣਾ ਚਾਹੀਦਾ ਹੈ ਅਤੇ ਜਿਸ ਵੇਲੇ ਸਿਆਣਪ ਛੱਡੀ, ਮਾਨੋ ਹਉਮੈ-ਗੜ੍ਹ ਵਿਚ ਮਘੋਰੇ ਹੋ ਗਏ। ਮਨਾਕਾਰ ਖੇਤਰ ਵਿਚ ਮਨ ਸਭ ਕੁਝ 'ਮੇਰੀ ਮੇਰੀ' ਕਰ ਕੇ ਜਾਣਦਾ ਸੀ ਤੇ ਹੁਣ ਸਭ ਕੁਝ ਪ੍ਰਭੂ ਦਾ ਸਮਝਣ ਲੱਗ ਜਾਂਦਾ ਹੈ ਤੇ ਮਨ ਤੇ ਬੁੱਧ ਵੀ ਉਸੇ ਨੂੰ ਸੌਂਪਦਾ ਹੈ:-

**ਸਹਸ ਸਿਆਣਪ ਲਖ ਕੰਮਿ ਨ ਆਵਹੀ ॥**
**[੫]ਗਿਆਨ ਧਿਆਨ ਉਨਮਾਨੁ ਅੰਤੁ ਨਾ ਪਾਵਹੀ ॥**

੧. ਭੇਟ ਕੇ, ਮਿਲ ਕੇ।
੨. ਕਿਸ ਨੂੰ।
੩. ਸਾਧਸੰਗਤ ਹੀ ਬੈਕੁੰਠ ਹੈ।
੪. ਮਨ ਵਿਚ ਪ੍ਰੇਮ ਦੀ ਡੋਰੀ (ਤਾਰ, ਲਗਾਤਾਰ ਲਿਵ) ਲੱਗ ਗਈ, ਇਹ ਸੰਤਾਂ ਦਾ ਪਵਿੱਤਰ ਤਰੀਕਾ ਹੈ।
੫. ਕਈ ਗਿਆਨੀ, ਕਈ ਧਿਆਨੀ, ਕਈ ਉਨਮਨੀ ਅਵਸਥਾ।

ਲਖ ਸਸੀਅਰ ਲਖ ਭਾਨੁ ਅਹਿਨਿਸਿ ਧਜਾਵਹੀ ॥
ਲਖ ਪਰਕਿਰਤਿ ਪਰਾਣ ਕਰਮ ਕਮਾਵਹੀ ॥
ਲਖ ਲਖ ਗਰਬ ਗੁਮਾਨ ਲੱਜ ਲਜਾਵਹੀ ॥
ਲਖ ਲਖ ਦੀਨ ਈਮਾਨ ਤਾੜੀ ਲਾਵਹੀ ॥
ਭਾਉ ਭਗਤਿ ਭਗਵਾਨ ਸਚਿ ਸਮਾਵਹੀ ॥੭॥

(ਵਾਰ ੨੧, ਪਉੜੀ ੭)

ਅਤੇ

**ਜਉ ਲਉ ਮੇਰੋ ਮੇਰੋ ਕਰਤੌ ਤਉ ਲਉ ਬਿਖੁ[੧] ਘੇਰੇ ॥**
**ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥**

(ਗਉੜੀ ਮਾਲਾ ਮ: ੫-੨੧੪)

ਮਨ ਵਿਚ ਗ਼ਰੀਬੀ ਆ ਜਾਂਦੀ ਹੈ, ਪ੍ਰਭੂ ਪਾਸ ਨੀਵਾਂ ਤੇ ਔਗੁਣਹਾਰਾ ਬਣ ਕੇ ਹੀ ਬੇਨਤੀ ਕਰਦਾ ਹੈ:-

**ਮਨ ਜਿਉ ਅਪੁਨੇ ਪ੍ਰਭ ਭਾਵਉ ॥**
**ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ[੨] ਹੋਇ ਗਰੀਬੁ ਬੁਲਾਵਉ ॥**

(ਦੇਵਗੰਧਾਰੀ ਮ: ੫-੫੨੯)

ਹੁਣ ਮਨ ਸ਼ੁੱਧ ਹੋ ਜਾਣ ਕਾਰਨ ਗੁਰਸਿੱਖ ਨੂੰ ਆਤਮਾ ਦੀ ਸੋਝੀ ਪੈਂਦੀ ਹੈ ਜਿਸ ਦੇ ਪਛਾਣਨ (ਪ੍ਰਗਾਸ) ਲਈ ਜਤਨ ਹੋਣੇ ਸ਼ੁਰੂ ਹੋ ਜਾਂਦੇ ਹਨ :-

**ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥**
**ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥**

(ਗਉੜੀ ਸੁਖਮਨੀ ਮ: ੫-੨੮੬)

ਹੁਣ ਸਭ ਦੇ ਹਿਰਦਿਆਂ ਵਿਚ ਆਪਣੇ ਗੁਰੂ ਦਾ ਆਵੇਸ਼ ਸਮਝਦਾ ਹੈ ਤੇ ਡਰਦਾ ਹੈ ਕਿ ਜੇ ਕਿਤੇ ਕੌੜਾ ਬੋਲਣ ਕਰਕੇ ਗੁਰਸਿੱਖ ਦੇ ਹਿਰਦੇ ਨੂੰ ਠੇਸ ਪਹੁੰਚ ਗਈ ਤਾਂ ਗੁਰੂ ਵੀ ਬੁਰਾ ਮਨਾਏਗਾ:-

**ਸਭਨਾ ਮਨ ਮਾਣਿਕ ਠਾਹਣੁ[੩] ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥**

(ਸਲੋਕ ਸੇਖ ਫਰੀਦ ਕੇ-੧੩੮੪)

ਇਸ ਅਵਸਥਾ ਵਿਚ ਗੁਰੂ-ਪ੍ਰੀਤੀ ਪੂਰੀ ਤਰ੍ਹਾਂ ਪੈ ਜਾਂਦੀ ਹੈ ਤੇ ਸੁਰਤ ਉਨ੍ਹਾਂ ਵਲ ਹੀ ਲੱਗ ਜਾਂਦੀ ਹੈ; ਗੁਰੂ-ਗਿਆਨ ਸੁਖ ਹੁੰਦਾ ਹੈ ਤੇ ਗੁਰੂ ਸੇਵਾ ਕਾਰ ਹੁੰਦੀ ਹੈ :-

**ਮਨਸਾ[੪] ਏਕ ਮਾਨਿ ਹਾਂ ॥ ਗੁਰ ਸਿਉ ਨੇਤ[੫] ਧਿਆਨਿ ਹਾਂ ॥**

੧. ਮਾਇਆ ਰੂਪੀ ਜ਼ਹਿਰ।
੨. ਨਾਨਾ, ਛੋਟਾ, ਨੀਵਾਂ।
੩. ਕਿਸੇ ਦਾ ਦਿਲ ਢਾਹੁਣਾ, ਉੱਕਾ ਹੀ ਮਚਾਂਗਵਾ (ਚੰਗਾ ਨਹੀਂ)।
੪. ਇੱਛਾ ਇਕੋ ਹੀ ਮੰਨ (ਧਾਰਨ ਕਰ) ਹਰੀ ਨੂੰ ਮਿਲਣ ਦੀ।
੫. ਨਿੱਤ।



**ਦ੍ਰਿੜੁ[੧] ਸੰਤ ਮੰਤ ਗਿਆਨਿ ਹਾਂ ॥ ਸੇਵਾ ਗੁਰ ਚਰਾਨਿ[੨] ਹਾਂ ॥**
**ਤਉ ਮਿਲੀਐ ਗੁਰ ਕ੍ਰਿਪਾਨਿ[੩] ਮੇਰੇ ਮਨਾ ॥੧॥ ਰਹਾਉ ॥**

(ਆਸਾਵਰੀ ਮ: ੫-੪੦੯)

ਗੁਰੂ ਕਿਰਪਾ ਸਦਕੇ ਗੁਰਸਿੱਖ ਵਿਚ ਦਇਆ, ਧਰਮ, ਸੀਲ, ਸੰਜਮ, ਸਤਿ-ਸੰਤੋਖ ਆਦਿ ਸਭ ਚੰਗੇ ਗੁਣ ਪ੍ਰਵੇਸ਼ ਕਰ ਜਾਂਦੇ ਹਨ:-

**ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥**
**ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥**

(ਵਡਹੰਸ ਮ: ੩-੫੬੦)

ਅਤੇ

**ਅਖੀ ਸੰਤੋਖੀਆ ਏਕ ਲਿਵ ਲਾਇ ॥**
**ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥**

(ਵਡਹੰਸ ਮ: ੩-੫੬੦)

ਹੁਣ ਭਾਉ ਸਦਕੇ ਗੁਰਬਾਣੀ ਭਾਵ ਦਾ ਰੂਪ ਧਾਰਦੀ ਹੈ ਤੇ ਹਿਰਦੇ ਵਿਚ ਭਾਵ-ਰੂਪ ਹੋ ਕੇ ਵੱਸਦੀ ਹੈ। ਇਹ ਆਤਮ-ਜੀਵਨ ਦਾ ਅਰੰਭ ਹੈ। ਮਨ ਸਦਾ ਚਾਅ ਤੇ ਹੁਲਾਸ ਵਿਚ ਖਿੜਿਆ ਰਹਿੰਦਾ ਹੈ ਅਤੇ ਪ੍ਰਭੂ-ਮੇਲ ਦਾ ਉਤਸ਼ਾਹ ਇਸ ਦੇ ਨਾਮ-ਸਿਮਰਨ ਨੂੰ ਅਜਪਾ-ਜਾਪ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ; ਅਰਥਾਤ ਇਹ ਆਪਣੇ ਆਪ ਹੀ (ਸੁਤੇ) ਹੁੰਦਾ ਰਹਿੰਦਾ ਹੈ। ਅੰਦਰ ਕੁਝ ਆਤਮ ਪ੍ਰਗਾਸ ਵੀ ਹੋ ਆਉਂਦਾ ਹੈ ਤੇ ਗੁਰੂ-ਜੋਤੀ ਦੇ ਝਲਕਾਰੇ ਵੱਜਦੇ ਹਨ। ਕਦੇ ਕਦਾਈਂ ਗੁਰੂ ਮਿਹਰਾਂ ਦੇ ਘਰ ਆ ਕੇ ਜੋਤੀ ਵਿਚ ਸਰਗੁਣ ਸਰੂਪ ਦੀਦਾਰੇ ਵੀ ਦੇ ਜਾਂਦੇ ਹਨ ਤੇ ਅਗਵਾਈ ਵੀ ਕਰ ਜਾਂਦੇ ਹਨ। ਅਰੂਪ ਰੂਪ ਹੁਕਮਾਂ ਦਾ ਇਉਂ ਮੁੱਢ ਬੱਝ ਜਾਂਦਾ ਹੈ। ਸੁਰਤ ਆਤਮਾ ਦੇ ਰੂਪ ਵਿਚ ਨਿਖਰ ਆਉਂਦੀ ਹੈ ਤੇ ਸੁਖ ਸ਼ਾਂਤੀ ਵਿਚ ਹੁੰਦੀ ਹੈ ਅਤੇ ਵਾਹਿਗੁਰੂ ਜੀ ਉਸ ਦੇ ਅਤਿ ਨੇੜੇ ਹੋ ਜਾਂਦੇ ਹਨ। ਇਉਂ ਸੁਰਤੀ-ਵਾਹਿਗੁਰੂ ਨਾਲ ਸਾਡੀ ਸੁਰਤ ਦਾ ਮੇਲ ਹੋਣਾ ਸ਼ੁਰੂ ਹੋ ਜਾਂਦਾ ਹੈ :-

**ਸੁਰਤੀ[੪] ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥**
**[੫]ਅੰਤਰਿ ਭਾਹਿ ਤਿਸੈ ਤੂ ਰਖੁ ॥ [੬]ਅਹਿਨਿਸਿ ਦੀਵਾ ਬਲੈ ਅਥਕੁ ॥੧॥**
**ਐਸਾ[੭] ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥**

(ਰਾਮਕਲੀ ਮ: ੧-੮੭੮)

੧. ਸੰਤਾਂ ਦਾ ਪੱਕਾ ਮੰਤਰ, ਇਹ ਗਿਆਨ ਬਣਾ।
੨. ਚਰਨਾਂ ਦੀ।
੩. ਗੁਰੂ ਕ੍ਰਿਪਾ ਨਾਲ।
੪. ਸਭ ਸੁਰਤੀ ਦੇ ਮਾਲਕ ਨਾਲ ਸੁਰਤ ਇਸ ਤਰ੍ਹਾਂ ਰਲਾ: ਸਰੀਰ ਨੂੰ ਤੁਲਹਾ (ਬੇੜੀ) ਬਣਾ, ਜਿਸ ਨਾਲ ਕਿ ਤੂੰ ਲੰਘ ਜਾਵੇਂ।
੫. ਅੰਦਰ ਤ੍ਰਿਸ਼ਨਾ ਅੱਗ ਹੈ, ਉਸ ਨੂੰ ਰੋਕ ਕੇ ਰੱਖ।
੬. ਦਿਨ-ਰਾਤ।
੭. ਗਿਆਨ ਦਾ ਦੀਵਾ ਹਿਰਦੇ ਰੂਪ ਨੀਰ 'ਤੇ ਤਰਾਵੇ।

## (ਏ) ਆਤਮਾਕਾਰ

ਸੁਰਤ ਨੂੰ ਹੁਣ ਵਾਹਿਗੁਰੂ-ਪ੍ਰੇਮ ਦਾ ਸੁਆਦ ਪੈ ਜਾਂਦਾ ਹੈ ਤੇ ਪ੍ਰੇਮ ਤੇ ਉਤਸ਼ਾਹ ਵਿਚ ਦੂਣ ਸਵਾਇਆ ਵਾਧਾ ਹੋਣ ਲੱਗ ਜਾਂਦਾ ਹੈ। ਸਥੂਲ ਸਰੀਰ ਵੱਲ ਧਿਆਨ ਜਾਣੋਂ ਰਹਿ ਜਾਂਦਾ ਹੈ ਤੇ ਅੰਦਰ ਹੀ ਅੰਦਰ ਨਾਮ ਦੀ ਟੇਕ ਬੱਝ ਜਾਂਦੀ ਹੈ:-

**ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ[1] ਸੁਆਉ ॥**

(ਗਉੜੀ ਸੁਖਮਨੀ ਮ: ੫-੨੯੦)

ਭਾਵੇਂ ਪ੍ਰਭੂ-ਜੋਤਿ ਅਜੇ ਪੂਰਨ ਰੂਪ ਵਿਚ ਸਾਖਿਆਤ ਨਹੀਂ ਹੋਈ ਹੁੰਦੀ ਪਰ ਗੁਰਸਿੱਖ ਭਾਣੇ ਤੇ ਰਜ਼ਾ ਵਿਚ ਹੁੰਦਾ ਹੈ। ਇਥੇ ਜ਼ੋਰ ਕੋਈ ਚੱਲਦਾ ਨਹੀਂ, ਨਿਰੀ ਪ੍ਰਭੂ-ਦਇਆ ਦਾ ਕੰਮ ਹੁੰਦਾ ਹੈ। ਸੁਰਤ ਵਿਚ ਨਾਮ ਦੇ ਕਾਫ਼ੀ ਟਿਕ ਜਾਣ ਦੇ ਕਾਰਨ ਹੁਣ ਗੁਰਸਿੱਖ ਨੂੰ ਸੁਰਤ ਵਿਚ ਨਾਮ ਸੁਣਾਈ ਦਿੰਦਾ ਹੈ। ਜਦੋਂ ਪ੍ਰਭੂ-ਦਇਆ ਦਾ ਅਦਭੁੱਤ ਸਮਾਂ ਆਉਂਦਾ ਹੈ ਤਾਂ ਹਿਰਦੇ-ਕਮਲ ਵਿਚੋਂ ਨਾਮ ਗੱਜ ਪੈਂਦਾ ਹੈ; ਨਾਮ ਦੀ ਅਨਹਤ (ਨਾ ਨਾਸ਼ ਹੋਣ ਵਾਲੀ) ਧੁਨੀ ਉਠ ਖਲੋਂਦੀ ਹੈ ਜੋ ਮਨ ਤੇ ਤਨ ਵਿਚ ਰਮ ਜਾਂਦੀ ਹੈ; ਰੋਮ ਰੋਮ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪੈਂਦਾ ਹੈ। ਇਸ ਦਾ ਸੁਆਦ ਵਰਨਣ ਕਰਨ ਤੋਂ ਬਾਹਰਾ ਹੈ, ਮਾਨੋ ਗੂੰਗੇ ਦੇ ਗੁੜ ਖਾਣ ਵਾਂਗ ਹੈ, ਮਨ ਕੀਲਿਆ ਜਾਂਦਾ ਹੈ:-

**[2]ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥**
**ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ[3] ॥**

(ਰਾਮਕਲੀ ਮ: ੧-੯੦੩)

ਇਸ ਮਿੱਠੀ ਤੇ ਮਧੁਰ ਨਾਮ ਧੁਨੀ ਸਦਕੇ ਸੁਰਤ ਤੇ ਸ਼ਬਦ ਸਹਿਜੇ-ਸਹਿਜੇ ਇਕ ਸੁਰ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਉਂ ਸੁਰਤ ਵਾਲੇ ਦਿੱਬ ਨੇਤਰ ਖੁਲ੍ਹਣੇ ਆਰੰਭ ਹੋ ਜਾਂਦੇ ਹਨ। ਜਿਉਂ-ਜਿਉਂ ਸ਼ਬਦ ਤੇ ਸੁਰਤ ਦਾ ਮੇਲ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਵਾਹਿਗੁਰੂ ਅਨੁਭਵ, ਜੋਤਿ-ਵਿਗਾਸ ਵਧਦਾ ਜਾਂਦਾ ਹੈ।

ਨਾਮ-ਧੁਨੀ ਨੂੰ ਹੀ ਸਭ ਆਤਮ ਖੋਜੀ ਲੋਚਦੇ ਹਨ। ਇਹ ਉਹ ਗੁਪਤ ਬਾਣੀ ਹੈ ਜੋ ਪ੍ਰਭੂ-ਮਿਲਾਪ ਕਰਾਵਣਹਾਰ ਹੈ। ਇਸ ਗੁਪਤ ਬਾਣੀ ਨੂੰ ਸੁਣ-ਸੁਣ ਕੇ ਸੁਰਤਾ ਖੀਵਾ ਹੋ ਹੋ ਜਾਂਦਾ ਹੈ, ਇਹ ਉਸ ਦਾ ਜੀਵਨ-ਆਧਾਰ ਹੈ ਅਤੇ ਇਸ ਦੀ ਪ੍ਰਾਪਤੀ ਨਿਰੋਲ ਗੁਰੂ ਪ੍ਰਸੰਨਤਾ ਉੱਤੇ ਹੀ ਹੈ:-

**ਜੀਵਉ ਨਾਮ ਸੁਨੀ ॥**
**ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ[4] ॥**

(ਬਿਲਾਵਲੁ ਮ: ੫-੮੨੯)

---

੧. ਇਹੋ ਪ੍ਰਯੋਜਨ ਸੀ।
੨. ਛੇ ਚੱਕਰਾਂ ਵਾਲਾ ਦੇਹੀ ਰੂਪ ਮੱਠ ਹੈ। ਉਸ ਵਿਚ ਰਹਿਣ ਵਾਲਾ ਬੈਰਾਗੀ ਮਨ ਹੈ।
੩. ਪਤੀਜਣਾ।
੪. ਪੂਰੀ ਹੋਈ।



ਇਹ ਜੋਤਿ-ਪ੍ਰਕਾਸ਼ ਹੁਣ ਪਹਿਲੀ ਅਵਸਥਾ ਵਾਲਾ ਜੋਤਿ-ਪ੍ਰਕਾਸ਼ ਨਹੀਂ ਇਸ ਵਿਚ ਗੁਰ ਪਰਮੇਸਰ ਹੋਂਦ ਹੈ ਜੋ ਆਪਣੇ ਵਿਚ ਗੜੂੰਦ ਕਰ ਲੈਣ ਵਾਲੀ ਹੈ। ਇਹ ਪ੍ਰਭੂ-ਆਪਾ ਹੈ। ਇਹ ਆਤਮਾ ਹੈ, ਇਹ ਓਅੰਕਾਰ ਹੈ, ਇਹ ਗੁਰੂ ਹੈ ਜੋ ਆਦਿ ਕਾਲ ਤੋਂ ਹੈ। ਇਹ 'ਨਾਨਕ' ਹੈ, ਇਹ 'ਗੋਬਿੰਦ' ਹੈ, ਜਿਸ ਦੇ ਹੱਥ ਸਭ ਜੀਵਾਂ ਦਾ ਕਲਿਆਣ ਹੈ ਜੋ ਸਭ ਦਾ ਮਾਲਕ ਹੈ, ਸਦਾ ਤੋਂ ਮਾਲਕ ਹੈ।

ਇਹ ਸ਼ਬਦ ਜਾਂ ਧੁਨੀ ਵਾਹਿਗੁਰੂ ਜੀ ਦੀ ਹੋਂਦ ਨਾਲੋਂ ਵੱਖ ਹੋ ਕੇ ਸੁਣਨ ਵਿਚ ਨਹੀਂ ਆਉਂਦੀ, ਅਰਥਾਤ ਇਸ ਨੂੰ ਸਾਡੇ ਕੰਨ ਨਹੀਂ ਸੁਣਦੇ। ਇਹ ਸਾਰੀ ਖੇਡ ਆਤਮਾ ਦੀ ਹੈ, ਆਤਮਾ ਵਿਚੋਂ ਹੀ ਇਹ ਉੱਠਦੀ ਹੈ ਅਤੇ ਆਤਮਾ ਹੀ ਇਸ ਨਾਮ ਧੁਨੀ ਸਦਕੇ ਜੋਤਿ ਰੂਪ ਵਿਚ ਪ੍ਰਕਾਸ਼ਮਾਨ ਹੋ ਜਾਂਦਾ ਹੈ।

ਇਥੇ ਰਿਧੀਆਂ-ਸਿਧੀਆਂ ਪਿੱਛੇ ਲੱਗੀਆਂ ਫਿਰਦੀਆਂ ਹਨ ਪਰ ਗੁਰਮੁਖ ਸੁਰਤ ਇਨ੍ਹਾਂ ਵੱਲ ਧਿਆਨ ਤਕ ਨਹੀਂ ਦਿੰਦੀ ਤੇ ਆਪਣੇ ਰਸ ਵਿਚ ਮਸਤ ਰਹਿੰਦੀ ਹੈ ਤੇ ਰਸ ਮਸਤ ਰਹਿਣ ਵਿਚ ਹੀ ਅਗਲੇ ਪੜਾਅ ਪਰਮ-ਆਤਮਾ ਦੀ ਪ੍ਰਾਪਤੀ ਸਮਝਦੀ ਹੈ।

ਜਿਉਂ-ਜਿਉਂ ਸੁਰਤ ਨਾਮ-ਧੁਨੀ ਸਦਕੇ ਆਤਮਾ ਵਿਚ ਲੀਨ ਹੁੰਦੀ ਹੈ, ਤਿਉਂ-ਤਿਉਂ ਅਨੰਦਿਤ ਹੁੰਦੀ ਜਾਂਦੀ ਹੈ। ਇਥੇ ਗੁਰਬਾਣੀ ਪੂਰਨ ਭਾਵ-ਰੂਪ ਹੋ ਜਾਂਦੀ ਹੈ ਤੇ ਸੁਰਤ ਅਸਲ ਸ਼ਬਦਾਕਾਰ ਬਣਦੀ ਹੈ। ਜੋ ਸੁਆਦ ਸੁਰਤ ਨੂੰ ਆਤਮਾ ਵਿਚੋਂ ਆਉਂਦਾ ਹੈ, ਉਸ ਨੂੰ ਪੀ-ਪੀ ਇਹ ਹੈਰਾਨ ਤੇ ਵਿਸਮਾਦ ਹੋ-ਹੋ ਜਾਂਦੀ ਹੈ ਤੇ ਇਹ ਰਸ ਹੀ ਇਸ ਨੂੰ ਆਤਮਾ ਵਿਚ ਲੀਨਤਾ ਬਖ਼ਸ਼ ਦਿੰਦਾ ਹੈ ਅਤੇ ਇਸ ਰਸ ਬਾਰੇ ਭਾਈ ਗੁਰਦਾਸ ਜੀ ਇਉਂ ਵਰਣਨ ਕਰਦੇ ਹਨ:-

**ਗੁਰਮੁਖਿ ਸੁਖ ਫਲੁ ਪਿਰਮ ਰਸੁ ਛਿਅ ਰਸ ਹੈਰਾਣਾ ॥**
**ਛਤੀਹ ਅੰਮ੍ਰਿਤ ਤਰਸਦੇ ਵਿਸਮਾਦ ਵਿਡਾਣਾ ॥**
**ਨਿਝਰ ਧਾਰ ਹਜਾਰ ਹੋਇ ਭੈ ਚਕਿਤ ਭੁਲਾਣਾ ॥**
**ਇੜਾ ਪਿੰਗੁਲਾ ਸੁਖਮਨਾ ਸੋਹੰ ਨ ਸਮਾਣਾ ॥**
**ਵੀਹ ਇਕੀਹ ਚੜਾਉ ਚੜਿ ਪਰਚਾ ਪਰਵਾਣਾ ॥**
**ਪੀਤੈ ਬੋਲਿ ਨ ਹੰਘਈ ਆਖਾਣ ਵਖਾਣਾ ॥੫॥**

(ਵਾਰ ੧੩, ਪਉੜੀ ੫)

ਅਰਥਾਤ ਗੁਰਮੁਖਾਂ ਨੂੰ ਸੁਖ-ਫਲ ਪ੍ਰੇਮ-ਰਸ ਜੋ ਮਿਲਦਾ ਹੈ, ਉਸ ਦੇ ਅੱਗੇ ਛੇ ਰਸ ਵੀ ਹੈਰਾਨ ਹਨ ਭਾਵ ਬਰਾਬਰੀ ਨਹੀਂ ਕਰ ਸਕਦੇ, ਛੱਤੀਹ ਅੰਮ੍ਰਿਤ (ਕਈ ਪ੍ਰਕਾਰ ਦੇ ਅੰਮ੍ਰਿਤ ਰਸ) ਵੀ ਉਸ ਦੇ ਸੁਆਦ ਨੂੰ ਤਰਸਦੇ ਹਨ ਅਤੇ ਅਸਚਰਜ ਤੋਂ ਅਸਚਰਜ ਹੋ ਰਹੇ ਹਨ। ਅੰਮ੍ਰਿਤ ਦੀ ਧਾਰਾ ਜੋ ਦਸਮ ਦੁਆਰ ਵਿਚੋਂ ਡਿੱਗਦੀ ਹੈ ਤੇ ਜੋਗੀ ਲੋਕ ਪੀਂਦੇ ਹਨ, ਹਜ਼ਾਰਾਂ ਗੁਣਾਂ ਹੋ ਕੇ ਵੀ ਚਕ੍ਰਿਤ ਹੀ ਹੈ ਤੇ ਇਸ ਨੂੰ ਲੋਚਦੀ ਹੈ। ਇੜਾ, ਪਿੰਗਲਾ ਤੇ ਸੁਖਮਨਾ (ਤਿੰਨ ਨਾੜੀਆਂ) ਵਿਖੇ ਜੋ ਸੋਹੰ

ਮੰਤਰ ਦਾ ਜਾਪ ਕਰਦੇ ਹਨ, ਉਨ੍ਹਾਂ ਦਾ ਸੁਖ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਭਾਵ ਗੁਰਮੁਖ ਅੱਗੇ ਲੰਘ ਗਏ ਹਨ। ਉਹ ਵੀਹਾਂ ਦੇ ਸੰਸਾਰ (੫ ਕਰਮ ਤੇ ੫ ਗਿਆਨ ਇੰਦ੍ਰੇ, ੫ ਪ੍ਰਾਣ, ਮਨ ਬੁੱਧ ਅਤੇ ੩ ਅਵਸਥਾਵਾਂ-ਜਾਗ੍ਰਿਤ, ਸੁਪਨ, ਸਖੋਪਤੀ ਦੇ ਡੰਡੇ) ਦੇ ਰੰਗ ਤੋਂ ਹੱਟ ਕੇ ਇਕ ਈਸ਼ਵਰ (ਤੁਰੀਆ ਦਾ ਡੰਡਾ) ਦੇ ਰੰਗ ਵਿਚ ਮਸਤ ਹੋਏ ਹਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਦੇ ਘਰ ਇਹੋ ਪਰਚਾ (ਪ੍ਰੇਮ) ਪਰਵਾਨ ਹੋ ਗਿਆ ਹੈ। ਇਹ ਕਹਾਵਤ ਹੈ ਕਿ ਪਾਣੀ ਪੀਂਦਿਆਂ ਵੀ ਕੋਈ ਬੋਲ ਨਹੀਂ ਸਕਦਾ ਤੇ ਜਿਨ੍ਹਾਂ ਨੇ ਇਸ ਪ੍ਰੇਮ ਰਸ ਨੂੰ ਪੀਤਾ ਹੈ, ਉਹ ਕਿਵੇਂ ਬੋਲ ਸਕਦੇ ਹਨ?

ਇਥੇ ਨਾ ਊਂਘ ਹੈ, ਨਾ ਭੁੱਖ ਹੈ ਅਤੇ ਨਾ ਕੋਈ ਦੁੱਖ ਹੈ, ਇਥੇ ਤਾਂ ਸੁਖ ਹੀ ਸੁਖ ਹੈ:-

**ਤਿਥੈ ਊਂਘ[1] ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥**
**ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥**

(ਸਲੋਕ ਵਾਰਾਂ ਤੋਂ ਵਧੀਕ, ਮ: ੩-੧੪੧੪)

ਅਜੇ ਸੁਰਤ ਨੇ ਹੋਰ ਉੱਪਰ ਉੱਠਣਾ ਹੈ। ਆਪਣੀ ਆਤਮਾ ਨੂੰ ਪੂਰਨ ਪ੍ਰਫੁੱਲਤ ਹੋਏ ਵੇਖਣਾ ਹੈ। ਘਟਿ ਘਟਿ ਵਿਚ ਵਰਤ ਰਹੇ ਵਾਹਿਗੁਰੂ ਜੀ ਤੇ ਬਾਹਰ ਵਿਆਪਕ ਵਾਹਿਗੁਰੂ ਜੀ ਇਕ ਹਨ ਤੇ ਸੁਰਤ ਨੇ ਵੀ ਇਸ ਏਕੇ ਨੂੰ ਅਨੁਭਵ ਕਰਨਾ ਹੈ। ਇਕ ਹੋਣ ਕਰਕੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਫ਼ੁਰਮਾਇਆ ਹੈ ਕਿ *'ਜੇਤਾ ਕੀਤਾ ਤੇਤਾ ਨਾਉ'* ਹੈ ਭਾਵ ਇਹ ਅਨੇਕਤਾ ਦ੍ਰਿਸ਼ਟੀ ਦਾ ਭੁਲਾਵਾ ਹੈ, ਵਾਸਤਵ ਵਿਚ *'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ'* ਹੀ ਹੈ। ਇਹ ਭਿੰਨਤਾ, ਉੱਪਰ ਹੀ, ਸਥੂਲ ਪਸਾਰੇ ਵਿਚ ਦਿਸਦੀ ਹੈ ਪਰ ਸਥੂਲ ਪਸਾਰੇ ਦੇ ਅੰਤਰਗਤ 'ਏਕ ਮੂਰਤਿ' ਹੀ ਹੈ:-

'ਜੋਤਿ'—

**ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ[2] ॥**

(ਰਾਮਕਲੀ ਮ: ੧-੮੭੬)

ਹੁਣ ਜਦ ਸੁਰਤ ਗੁਰਬਾਣੀ ਤੇ ਨਾਮ-ਅਭਿਆਸ ਦੀ ਕਮਾਈ ਦੁਆਰਾ ਆਤਮਾਕਾਰ ਹੋ ਜਾਂਦੀ ਹੈ ਤਾਂ ਅਨਹਦ ਸ਼ਬਦ ਧੁਨੀ, ਜੋ ਪਹਿਲਾਂ ਇਸ ਦੇ ਆਤਮਾ ਅੰਦਰ ਹੀ ਸੁਣਾਈ ਦਿੰਦੀ ਸੀ, ਹੁਣ ਸੁਰਤ-ਸ਼ਬਦ ਮੇਲ ਹੋ ਜਾਣ ਕਾਰਨ ਵਣ-ਤ੍ਰਿਣ, ਜਲ-ਥਲ, ਧਰਤੀ-ਆਕਾਸ਼ ਸਾਰੇ ਰਮੀ ਦਿਸਣ ਲੱਗ ਜਾਂਦੀ ਹੈ ਤੇ ਹਰ ਪਾਸਿਓਂ ਸੁਣਾਈ ਦਿੰਦੀ ਹੈ, ਮਾਨੋ ਉਸ ਦੀ ਆਪਣੀ ਆਤਮਾ ਹੀ ਹਰ ਥਾਂ ਪਸਰ ਗਈ ਹੋਵੇ ਅਤੇ ਇਉਂ ਸਹਿਜੇ-ਸਹਿਜੇ ਸਾਰੇ ਆਤਮ ਦੇਉ ਹੀ ਭਰਪੂਰ ਹੋ ਜਾਂਦਾ

---

੧. ਨੀਂਦ।
੨. ਵਾਹਿਗੁਰੂ।



ਹੈ। ਵਾਹਿਗੁਰੂ ਜੀ ਪਹਿਲੋਂ ਘਟਿ ਵਿਚ ਆ ਕੇ ਨਿਵਾਸ ਕੀਤੇ ਤੇ ਫਿਰ ਉਹ ਬਾਹਰ ਪ੍ਰਗਟ ਹੋ ਗਏ:-

**ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ[1] ਦੁਖ ਕਾਟੇ ਸਭਿ ਦੂਰਿ ॥**
**ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ[2] ਦੇਖਿਆ ਹਜੂਰਿ ॥**

(ਸਾਰੰਗ ਮ: ੪-੧੧੯੮)

ਅਤੇ

**ਜਿਸ ਕੈ ਮਨਿ ਪਾਰਬ੍ਰਹਮ ਦਾ ਨਿਵਾਸੁ ॥ ਤਿਨੁ ਕਾ ਨਾਮੁ ਸਤਿ[3] ਰਾਮਦਾਸੁ ॥**
**ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ[4] ਦਸੰਤਣ ਭਾਇ ਤਿਨਿ ਪਾਇਆ ॥**

(ਗਉੜੀ ਸੁਖਮਨੀ ਮ: ੫-੨੭੫)

ਅਤੇ

**ਸੋ ਅੰਤਰਿ ਸੋ ਬਾਹਰਿ ਅਨੰਤ[5] ॥ ਘਟਿ[6] ਘਟਿ ਬਿਆਪਿ ਰਹਿਆ ਭਗਵੰਤ ॥**
**ਧਰਨਿ[7] ਮਾਹਿ ਆਕਾਸ ਪਇਆਲ[8] ॥ ਸਰਬ ਲੋਕ ਪੂਰਨ ਪ੍ਰਤਿਪਾਲ ॥**
**ਬਨਿ[9] ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥**
**ਪਉਣ ਪਾਣੀ ਬੈਸੰਤਰ[10] ਮਾਹਿ ॥ ਚਾਰਿ ਕੁੰਟ[11] ਦਹ ਦਿਸੇ ਸਮਾਹਿ[12] ॥**
**ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥**

(ਗਉੜੀ ਸੁਖਮਨੀ ਮ: ੫-੨੯੩)

ਇਥੇ ਇਸ ਦੇ ਅੰਦਰੋਂ ਦੁਈ ਦਾ ਪੂਰਨ ਅਭਾਵ ਹੋ ਜਾਂਦਾ ਹੈ ਤੇ ਕੇਵਲ ਇਕ ਅਕਾਲੀ ਤੇ ਨਿਰੰਜਨੀ ਜੋਤਿ ਹੀ ਰਹਿ ਜਾਂਦੀ ਹੈ ਜੋ ਸਰੀਰ ਦੇ ਅੰਦਰ ਤੇ ਬਾਹਰ ਇਕਸਾਰ ਵਰਤਦੀ ਹੁੰਦੀ ਹੈ। ਇਉਂ ਸਿੱਖ ਪੂਰੀ ਤਰ੍ਹਾਂ ਸ਼ੁੱਧ ਤੇ ਖਾਲਸ ਹੁੰਦਾ ਹੈ:-

**ਏਕੋ ਕਉ ਸਚੁ [13]ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥**
**ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥**
**ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥**
**ਨਾਨਕ ਤਾ ਕਉ ਮਿਲੈ ਵਡਾਈ ਆਪੁ[14] ਪਛਾਣੈ ਸਰਬ ਜੀਆ ॥੨੪॥**

(ਰਾਮਕਲੀ ਮ: ੧, ਸਿਧ ਗੋਸਟਿ-੯੪੦)

---

੧. ਪਾਪ।
੨. ਮਾਇਆ ਤੋਂ ਰਹਿਤ।
੩. ਰਾਮ ਦਾ ਅਸਲ ਦਾਸ (ਸੇਵਕ)।
੪. ਦਾਸਾਂ ਦੇ ਦਾਸ ਹੋਣ ਵਾਲੇ ਭਾਵ ਨਾਲ ਹਰੀ ਪਾਇਆ ਹੈ।
੫. ਬੇਅੰਤ ਵਾਹਿਗੁਰੂ।
੬. ਹਰ ਇਕ ਹਿਰਦੇ ਵਿਚ।
੭. ਧਰਤੀ ਵਿਚ।
੮. ਪਾਤਾਲ। 'ਮਾਹਿ' ਤਿੰਨਾਂ ਸ਼ਬਦਾਂ ਨਾਲ ਲੱਗਦਾ ਹੈ।
੯. ਜੰਗਲ ਵਿਚ, ਘਾਹ ਵਿਚ ਅਤੇ ਪਹਾੜਾਂ ਵਿਚ।
੧੦. ਅੱਗ।
੧੧. ਚਾਰੇ ਤਰਫਾਂ—ਪੂਰਬ, ਪੱਛਮ, ਉੱਤਰ, ਦੱਖਣ।
੧੨. ਦਸ-ਦਿਸ਼ਾ—ਪੂਰਬ, ਪੱਛਮ ਆਦਿ ਚਾਰ ਤਰਫਾਂ, ਉਨ੍ਹਾਂ ਦੇ ਚਾਰ ਕੋਨੇ ਅਤੇ ਹੇਠਾਂ ਉੱਤੇ ਦੋ ਤਰਫਾਂ।
੧੩. ਨਿਸਚੇ ਕਰ ਕੇ।
੧੪. ਆਪਣੇ ਆਪ ਨੂੰ ਸਭ ਜੀਵਾਂ ਵਿਚ ਪਛਾਣੇ, ਭਾਵ ਇਕ ਜੋਤਿ ਹੀ ਹਰ ਥਾਂ ਦੇਖੇ ।

ਜਦ ਸਾਰੇ 'ਇਕੋ ਇਕ' ਦਿਸ ਪਿਆ ਤਾਂ ਦ੍ਵੈਤ ਮੁਕ ਗਈ। ਇਹ ਪੂਰਨ ਏਕਤਾ (ਸਹਜ ਅਵਸਥਾ) ਇਸ ਨੂੰ ਅੰਮ੍ਰਿਤ-ਨਾਮ ਵਿਚ ਪੂਰਨ ਲੀਨ ਹੋਇਆਂ ਹੀ ਪ੍ਰਾਪਤ ਹੁੰਦੀ ਹੈ। ਜੋ ਰਸ ਇਸ ਨੂੰ ਆਪਣੇ ਆਤਮੇ ਅੰਦਰੋਂ ਹੀ ਕੇਵਲ ਆਉਂਦਾ ਸੀ ਉਹ ਆਤਮਾ ਪਸਰ ਜਾਣ ਨਾਲ ਹੁਣ ਹਰ ਪਾਸੇ ਭਰਪੂਰ ਦਿਸਣ ਲੱਗ ਪੈਂਦਾ ਹੈ:-

**ਇਹੁ ਹਰਿ ਰਸੁ [1]ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥**

(ਸਿਰੀਰਾਗੁ ਮ: ੪-੪੧)

ਜਿਸ ਵੇਲੇ ਆਤਮਾ ਇਸ ਰਸ ਵਿਚ ਪੂਰਾ ਲੀਨ ਹੁੰਦੀ ਹੈ ਤੇ ਹਰ ਪਾਸੇ ਇਕੋ-ਇਕ ਵਾਹਿਗੁਰੂ ਹੀ ਅਨੁਭਵ ਕਰਦੀ ਹੈ, ਉਸ ਸਮੇਂ ਦੇ ਰਸ ਨੂੰ ਭਾਈ ਗੁਰਦਾਸ ਜੀ ਵਿਸਮਾਦ ਤੋਂ ਵੀ ਪਰੇ ਦੀ ਗੱਲ ਦੱਸਦੇ ਹਨ। ਆਪ ਜੀ ਫ਼ੁਰਮਾਉਂਦੇ ਹਨ ਕਿ ਇਹ ਰਸ ਦੀ ਦਾਤ ਗੁਰਮੁਖ ਸੁਰਤ ਨੂੰ 'ਵਾਹੁ ਵਾਹੁ' (ਵਾਹਿਗੁਰੂ, ਵਾਹਿਗੁਰੂ) ਕਹਿਣ ਸਦਕੇ ਹੀ ਮਿਲੀ ਹੈ, ਹੁਣ ਤਾਂ ਉਸ ਦੇ ਜਪਣ ਦੀ ਗੱਲ ਵੀ ਰਹਿ ਗਈ ਹੈ, ਅਜਪਾ-ਜਾਪ ਹੀ ਅੰਦਰ ਬਾਹਰ ਹੋ ਰਿਹਾ ਹੈ। ਹਾਂ ਜੀ, ਪ੍ਰਭੂ ਆਪ ਹੀ ਆਪਣਾ ਜਾਪ ਕਰ ਰਿਹਾ ਹੈ:-

**ਅਚਰਜ[2] ਨੋ ਆਚਰਜੁ ਹੈ ਅਚਰਜੁ ਹੋਵੰਦਾ ॥**
**ਵਿਸਮਾਦੈ ਵਿਸਮਾਦੁ ਹੈ ਵਿਸਮਾਦੁ ਰਹੰਦਾ ॥**
**ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ ॥**
**ਅਬਿਗਤਹੁੰ ਅਬਿਗਤੁ ਹੈ ਨਹਿੰ ਅਲਖੁ ਲਖੰਦਾ ॥**
**ਅਕਥਹੁੰ ਅਕਥ ਅਲੇਖੁ ਹੈ ਨੇਤਿ ਨੇਤਿ ਸੁਣੰਦਾ ॥**
**ਗੁਰਮੁਖਿ ਸੁਖ ਫਲੁ ਪਿਰਮ ਰਸੁ ਵਾਹੁ ਵਾਹੁ ਚਵੰਦਾ ॥੧੮॥**

(ਭਾਈ ਗੁਰਦਾਸ ਜੀ, ਵਾਰ ੩੮, ਪਉੜੀ ੧੮)

ਇਹ ਹੈ ਆਤਮ ਪ੍ਰਾਪਤੀ ਦੀ ਜੁਗਤੀ, ਗੁਰੂ ਨਾਲ ਪ੍ਰੇਮ, ਜਿਸ ਦਾ ਰੂਪ ਸਤਿਸੰਗਤ ਤੇ ਗੁਰਬਾਣੀ ਹੈ। ਜਿਵੇਂ ਫੁੱਲਾਂ ਵਿਚੋਂ ਰਸ ਅਤੇ ਲੱਕੜਾਂ ਵਿਚੋਂ ਅਗਨੀ ਲੋਕ ਸੰਜਮ (ਢੰਗ) ਨਾਲ ਕੱਢਦੇ ਹਨ ਤਿਵੇਂ ਹੀ ਜਗਿਆਸੂ ਲੋਕ ਗੁਰੂ ਨਾਲ ਮਿਲ ਕੇ ਗੁਰਬਾਣੀ ਦੇ ਸੰਜਮ ਨਾਲ ਆਤਮਾ ਨੂੰ ਜੋ ਦੇਹਿ ਵਿਖੇ ਪ੍ਰਛਿੰਨ (ਗੁਪਤ) ਰੂਪ ਹੋ ਕੇ ਨਿਵਾਸ ਕਰਦਾ ਹੈ, ਲੱਭ ਲੈਂਦੇ ਹਨ:-

**ਫੁਲੀ ਵਾਸੁ[3] ਨਿਵਾਸੁ ਹੈ ਕਿਤੁ ਜੁਗਤਿ ਸਮਾਣੀ ॥**
**ਫੁਲਾਂ[4] ਅੰਦਰਿ ਜਿਉ ਸਾਦੁ ਬਹੁ ਸਿੰਜੇ ਇਕ ਪਾਣੀ ॥**

੧. ਬਿਰਛ ਅਤੇ ਤ੍ਰਿਣ (ਘਾਹ ਆਦਿ) 'ਚ ਸਭ ਥਾਂ।
੨. ਗੁਰਮੁਖ ਦੇ ਅਸਚਰਜ ਪ੍ਰੇਮ-ਰਸ ਨੂੰ ਵੇਖ ਕੇ ਅਸਚਰਜ ਤੋਂ ਵੀ ਜਿਹੜਾ ਵੱਡਾ ਅਸਚਰਜ ਹੈ, ਉਹ ਅਸਚਰਜ ਹੈ; ਵਿਸਮਾਦ ਤੋਂ ਜਿਹੜਾ ਭਾਰੀ ਵਿਸਮਾਦ ਹੈ ਉਹ ਵੀ ਵਿਸਮਾਦ ਰਹਿ ਜਾਂਦਾ ਹੈ, ਹੈਰਾਨ ਕਰਨ ਵਾਲੀਆਂ ਚੀਜ਼ਾਂ ਵਿਚੋਂ ਜੋ ਵੀ ਵੱਡੀ ਹੈਰਾਨ ਕਰਨ ਵਾਲੀ ਚੀਜ਼ ਹੈ, ਉਸ ਨੂੰ ਵੀ ਇਹ ਹੈਰਾਨ ਕਰ ਦਿੰਦਾ ਹੈ ਅਰਥਾਤ ਇਹ ਸਭ ਤੋਂ ਵਧ ਅਸਚਰਜ ਕਰਨ ਵਾਲੀ ਵਿਸਮਾਦ ਬਣਾਉਣ ਵਾਲੀ, ਹੈਰਾਨਕੁੰਨ ਵਸਤੂ ਹੈ। ਇਸ ਦੀ ਗਤੀ ਨੂੰ ਕੋਈ ਵੀ ਵੱਡੇ ਤੋਂ ਵੱਡਾ ਗਿਆਨ ਲਖ ਨਹੀਂ ਸਕਦਾ ਕਿਉਂ ਜੋ ਇਹ ਅਕੱਥ ਤੋਂ ਅਕੱਥ ਤੇ ਅਲਖ ਤੋਂ ਅਲਖ ਹੈ: ਜਗਿਆਸੂ ਬੇਅੰਤ ਹੀ ਬੇਅੰਤ ਕਹਿੰਦੇ ਸੁਣੀਂਦੇ ਹਨ। ਗੁਰਮੁਖ ਨੂੰ ਸੁਖ ਫਲ ਪ੍ਰੇਮ ਰਸ ਪ੍ਰਾਪਤ ਹੋਇਆ ਹੈ, ਜਿਸ ਕਰਕੇ ਉਹ ਨਿਤ ਵਾਹੁ ਵਾਹੁ ਕਹਿੰਦਾ ਹੈ।
੩. ਸੁਗੰਧੀ।
੪. ਫਲਾਂ ਅੰਦਰ ਜਿਉਂ ਸੁਆਦ ਵੱਖਰੇ-ਵੱਖਰੇ ਹਨ ਭਾਵੇਂ ਪਾਣੀ ਇਕੋ ਨਾਲ ਹੀ ਸਿੰਜੇ ਜਾਂਦੇ ਹਨ।



**ਘਿਉ ਦੁਧੁ ਵਿਚਿ ਵਖਾਣੀਐ ਕੋ ਮਰਮ[1] ਨ ਜਾਣੀ ॥**
**ਜਿਉ ਬੈਸੰਤਰੁ ਕਾਠ ਵਿਚਿ ਓਹੁ ਅਲਖ[2] ਵਿਡਾਣੀ ॥**
**ਗੁਰਮੁਖਿ ਸੰਜਮਿ[3] ਨਿਕਲੈ ਪਰਗਟੁ ਪਰਵਾਣੀ ॥**
**ਪੀਰ ਮੁਰੀਦਾਂ ਪਿਰਹੜੀ ਸੰਗਤਿ ਗੁਰਬਾਣੀ ॥੨੨॥**

(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੨੨)

ooo

੧. ਭੇਦ।
੨. ਨਾ ਦਿਸਣ ਵਾਲਾ ਅਚਰਜ ਹੈ।
੩. ਉਪਾਉ, ਜੁਗਤ।

## ਸਤਵਾਂ ਕਾਂਡ

# 'ਆਪੇ ਆਪ' ਅਵਸਥਾ

'ਆਤਮਾ ਪਰਮਾਤਮਾ ਏਕੋ' ਕਰਨ ਤੋਂ ਬਾਅਦ ਹੁਣ ਜੀਵ-ਆਤਮਾ ਦਾ ਆਪਣਾ ਹਉਂ ਵਾਲਾ ਵੱਖਰਾ ਆਪਾ ਬਿਲਕੁਲ ਖ਼ਤਮ ਹੋ ਜਾਂਦਾ ਹੈ ਅਤੇ ਇਸ ਦੇ ਅੰਦਰ ਪ੍ਰਭੂ-ਆਤਮਾ ਬਿਰਾਜਿਆ ਹੁੰਦਾ ਹੈ। ਇਸ ਸਮੇਂ ਹਿਰਦੇ ਦੇ ਕਪਾਟ ਖੁੱਲ੍ਹੇ ਹੁੰਦੇ ਹਨ ਤੇ ਜਾਗਿਆ ਜੀਵ-ਆਤਮਾ, ਸਭ ਅੰਦਰ ਆਤਮਾ ਨੂੰ ਹੀ ਨਿਵਾਸ ਕਰ ਰਿਹਾ ਵੇਖਦਾ ਹੈ। ਆਪਣੇ ਹਿਰਦੇ ਅੰਦਰ ਬੈਠਾ ਗੁਰਦੇਵ ਹੀ ਸਭ ਅੰਦਰ ਬੈਠਾ ਪ੍ਰਤੱਖ ਦਿਸ ਰਿਹਾ ਹੁੰਦਾ ਹੈ। ਫਿਰ ਉਸ ਨੂੰ ਸਮਝ ਪੈਂਦੀ ਹੈ ਕਿ ਸਭ ਪਾਸੇ ਇਕੋ ਹੀ ਪ੍ਰਭੂ-ਆਪਾ ਪਸਰਿਆ ਹੋਇਆ ਹੈ। ਸੋ ਇਹ ਏਕੇ ਜਾਂ ਆਪੇ ਦਾ ਅਨੁਭਵ ਮਾਨੋ ਜੀਵ ਨੂੰ ਨਹੀਂ ਹੋ ਰਿਹਾ ਸਗੋਂ ਪ੍ਰਭੂ ਆਪਾ, ਆਪਣਾ ਅਨੁਭਵ ਆਪ ਕਰ ਰਿਹਾ ਹੈ। ਇਸ ਅਵਸਥਾ ਵਿਚ ਗੁਰਸਿੱਖ ਨੂੰ ਹਰੇਕ ਜੀਵ ਨਾਲ ਓਨਾ ਹੀ ਪਿਆਰ ਹੁੰਦਾ ਹੈ ਜਿੰਨਾ ਕਿ ਉਸ ਨੂੰ ਆਪਣੇ ਆਪ ਨਾਲ ਹੁੰਦਾ ਹੈ। ਉਸ ਲਈ ਅਮੀਰ ਤੇ ਗਰੀਬ, ਛੋਟੇ ਤੇ ਵੱਡੇ 'ਚ ਕੋਈ ਵਿਤਕਰਾ ਨਹੀਂ ਹੁੰਦਾ:-

**ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ[1] ਪੁਤਾ ਭਾਈਆ ॥**

(ਸੋਰਠਿ ਵਾਰ ਮ: ੪-੬੪੮)

ਉਸ ਲਈ ਹੁਣ ਨਾ ਕੋਈ ਬੁਰਾ ਹੈ ਤੇ ਨਾ ਹੀ ਕੋਈ ਵਿਸ਼ੇਸ਼ ਚੰਗਾ। ਬੁਰਾ-ਭਲਾ ਵੀ ਜੀਵ ਓਨਾ ਚਿਰ ਹੀ ਕਹਿੰਦਾ ਹੈ ਜਿੰਨਾ ਚਿਰ ਕਿ ਉਹ ਦੂਈ (ਦਵੈਤ) ਵਿਚ ਹੋਵੇ :-

**ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ[2] ਮਾਹਿ ॥**

(ਸੂਹੀ ਮ: ੩-੭੫੭)

ਜੇ ਇਸ ਨੂੰ ਕੋਈ ਕੌੜੇ ਬਚਨ ਜਾਂ ਬੁਰਾ ਭਲਾ ਕਹਿੰਦਾ ਹੈ ਤਾਂ ਇਹ ਦੁਖ ਨਹੀਂ ਮੰਨਦਾ। ਇਉਂ ਹੀ ਸਮਝਦਾ ਹੈ ਕਿ ਸਭ ਕੁਝ ਰਾਮ ਹੀ ਆਖ ਰਿਹਾ ਹੈ ਅਤੇ ਫਿਰ ਰਾਮ ਨੂੰ ਹੀ ਆਖ ਰਿਹਾ ਹੈ ਤੇ ਦੁਖ ਕਾਹਦਾ :-

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ[3] ਬੋਲੈ ਰੇ ॥**

(ਮਾਲੀ ਗਉੜਾ, ਭਗਤ ਨਾਮਦੇਵ ਜੀ-੯੮੮)

ਆਪ ਕਿਸੇ ਨੂੰ ਕੌੜੇ ਬੋਲ ਬੋਲਦਾ ਨਹੀਂ ਅਤੇ ਸਭ ਦਾ ਸਤਿਕਾਰ ਇੰਨਾ

੧. ਮਿੱਤ੍ਰਾਂ।
੨. ਦਵੈਤ ਭਾਵ।
੩. ਹੋਰ ਕਿਹੜਾ।



ਕਰਦਾ ਹੈ ਜਿੰਨਾ ਕਿ ਸਾਨੂੰ ਆਪਣੇ ਗੁਰਦੇਵ ਦਾ ਕਰਨਾ ਬਣਦਾ ਹੈ। ਕਿਸੇ ਦੇ ਔਗੁਣ ਨਹੀਂ ਚਿਤਾਰਦਾ, ਸਦਾ ਬਖਸ਼ਿੰਦ ਬਣਿਆ ਰਹਿੰਦਾ ਹੈ। ਗੱਲ ਕੀ ਠਾਕੁਰ ਤੇ ਸੇਵਕ ਵਿਚ ਵੀ ਫ਼ਰਕ ਨਹੀਂ ਰਹਿੰਦਾ। ਪਰ ਇਹ ਗੱਲ ਨਹੀਂ ਹੁੰਦੀ ਕਿ ਸੇਵਕ ਹੁਣ ਨਾਮ ਜਪਣੋਂ ਹੱਟ ਜਾਂਦਾ ਹੋਵੇ। ਕੁਦਰਤ ਵਿਚ ਰਹਿੰਦਿਆਂ ਕਾਦਰ ਦੇ ਨੇਮ ਉਵੇਂ ਕਿਵੇਂ ਪਾਲਣੇ ਪੈਂਦੇ ਹਨ। ਅਨੁਭਵ ਦੀ ਖੇਡ ਕੁਦਰਤ ਦੀ ਚਾਲ ਵਿਚ ਫ਼ਰਕ ਨਹੀਂ ਪਾਉਂਦੀ। ਰਜ਼ਾ ਦੀ ਖੇਡ ਖੇਡਣਾ ਨਾਮ-ਜਪਣ ਦਾ ਮੁਖ ਅੰਗ ਹੈ। ਬਣਦਾ ਯੋਗ ਸਤਿਕਾਰ ਸਭ ਨੂੰ ਦੇਣਾ ਪੈਂਦਾ ਹੈ। ਪ੍ਰਭੂ-ਜੋਤਿ ਵੀ ਆਪਣੀ ਸਿਫ਼ਤ-ਸਲਾਹ ਆਪ ਕਰਦੀ ਹੈ ਅਤੇ ਇਵੇਂ ਹੀ ਉਹ ਸਵੈ-ਇਸਥਿਤ ਹੈ। ਇਹੋ ਹੀ ਏਕੰਕਾਰ ਦੀ ਅਚਰਜ ਖੇਡ ਹੈ। ਆਪ ਹੀ ਉਪਦੇਸ਼ ਦਿੰਦਾ ਹੈ, ਆਪ ਹੀ ਉਸ ਦੇ ਮੰਨਣ ਵਾਲਾ ਹੈ ਅਤੇ ਆਪ ਹੀ ਉਸ ਦਾ ਰਸ ਮਾਣਨ ਵਾਲਾ ਅਤੇ ਰਸ-ਰੂਪ ਵੀ ਆਪ ਹੀ ਹੈ:-

**ਆਪੇ ਰਸੀਆ[1] ਆਪਿ ਰਸੁ ਆਪੇ ਰਾਵਣਹਾਰੁ[2] ॥**
**ਆਪੇ ਹੋਵੈ ਚੋਲੜਾ[3] ਆਪੇ ਸੇਜ ਭਤਾਰੁ[4] ॥੧॥**
**ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥**

(ਸਿਰੀ ਰਾਗੁ ਮ: ੧-੨੩)

ਅਤੇ

**ਆਪੇ ਠਾਕੁਰੁ[5] ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥**
**ਜਨ ਨਾਨਕ ਆਪੇ ਆਪਿ ਸਭੁ ਵਰਤੈ[6] ਜਿਉ ਰਾਖੈ ਤਿਵੈ ਰਹੰਦੇ ॥੪॥੬॥**

(ਬਿਲਾਵਲੁ ਮ: ੪-੮੦੦)

ਭਾਈ ਗੁਰਦਾਸ ਜੀ ਰਸੋਈ ਦਾ ਦ੍ਰਿਸ਼ਟਾਂਤ ਦੇ ਕੇ ਪ੍ਰਭੂ ਦੀ ਆਪੇ-ਆਪ ਦੀ ਵਿਆਪਕ ਖੇਡ ਨੂੰ ਇਉਂ ਬਿਆਨ ਕਰਦੇ ਹਨ:-

**ਆਪੇ ਭੁਖਾ ਹੋਇ ਕੈ ਆਪਿ ਜਾਇ ਰਸੋਈ ॥**
**ਭੋਜਨੁ ਆਪਿ ਬਣਾਇਦਾ [7]ਰਸ ਵਿਚਿ ਰਸ ਗੋਈ ॥**
**[8]ਆਪੇ ਖਾਇ ਸਲਾਹਿ ਕੈ ਹੋਇ ਤ੍ਰਿਪਤਿ ਸਮੋਈ ॥**
**[9]ਆਪੇ ਰਸੀਆ ਆਪਿ ਰਸੁ ਰਸੁ ਰਸਨਾ ਭੋਈ ॥**
**ਦਾਤਾ ਭੁਗਤਾ[10] ਆਪਿ ਹੈ [11]ਸਰਬੰਗੁ ਸਮੋਈ ॥**

੧. ਰਸੀਲਾ, ਜਿਸ ਵਿਚ ਰਸ ਹੋਵੇ।
੨. ਭੋਗਣ ਵਾਲਾ।
੩. ਚੋਲੀ-ਇਸਤਰੀ।
੪. ਪਤੀ।
੫. ਮਾਲਕ।
੬. ਪ੍ਰਭੂ ਦੀ ਇੱਛਾ ਅਨੁਸਾਰ ਕੰਮ ਕਰਦਾ ਹੈ, ਵਿਚਰਦਾ ਹੈ।
੭. ਸੁਆਦਾਂ ਵਿਚ ਸੁਆਦ ਮਿਲਾਉਂਦਾ ਹੈ।
੮. ਆਪ ਹੀ ਖਾ ਕੇ ਸਲਾਹੁੰਦਾ ਹੈ ਤੇ ਰੱਜ ਕੇ ਅਨੰਦਿਤ ਹੁੰਦਾ ਹੈ (ਸਮੋਈ= ਅਨੰਦਿਤ)।
੯. ਆਪ ਹੀ ਰਸੀਆ ਹੈ ਤੇ ਆਪ ਹੀ ਰਸ ਰੂਪ ਹੈ ਅਤੇ ਰਸਾਂ ਵਿਖੇ ਜੀਭ ਰੂਪ ਹੋ ਕੇ ਆਪ ਹੀ ਮਿਲਦਾ ਹੈ (ਭੋਈ= ਮਿਲਦਾ ਹੈ)।
੧੦. ਭੋਗਣ ਵਾਲਾ।
੧੧. ਸਾਰੇ ਅੰਗਾਂ ਵਿਚ (ਸਮਾ ਰਿਹਾ ਹੈ)।

[੧]ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ ॥੩॥

(ਵਾਰ ੨, ਪਉੜੀ ੩)

ਇਸ ਅਵਸਥਾ ਵਿਚ ਨਾ ਕੋਈ ਉਸ ਦਾ ਮੁਲ ਪਾਉਣ ਵਾਲਾ ਹੈ ਤੇ ਨਾ ਕੋਈ ਬਿਆਨ ਕਰਨ ਵਾਲਾ ਹੈ, ਕਿਉਂ ਜੋ ਦੂਜਾ ਕੋਈ ਹੈ ਨਹੀਂ ਅਤੇ ਆਪੇ ਆਪ ਆਪਣੇ ਬਾਰੇ ਕੁਝ ਦੱਸ ਨਹੀਂ ਸਕਦਾ। ਦੱਸਣ ਵਾਲਾ ਜੀਵ-ਆਤਮਾ ਤਾਂ ਹੁਣ ਆਪਣੇ ਆਪ ਪਰਮਾਤਮਾ-ਰੂਪ ਹੈ।

**ਤਾ ਕੀ [੨]ਗਤਿ ਮਿਤਿ ਕਹੀ ਨ ਜਾਇ ॥ [੩]ਦੂਸਰ ਹੋਇ ਤ ਸੋਝੀ ਪਾਇ ॥**

(ਗਉੜੀ ਸੁਖਮਨੀ ਮ: ੫-੨੯੪)

✪✪✪

---

੧. ਆਪੇ ਆਪ ਹੀ ਵਰਤ ਰਿਹਾ ਹੈ ਪਰ ਸੁੱਖ ਕੇਵਲ ਗੁਰਮੁਖਾਂ ਨੂੰ ਹੀ ਉਸ ਦਾ ਪ੍ਰਾਪਤ ਹੁੰਦਾ ਹੈ।
੨. ਅਵਸਥਾ ਤੇ ਮਰਯਾਦਾ।
੩. ਕੋਈ ਹੋਰ ਹੋਵੇ, ਦੂਜਾ ਹੋਵੇ।



**ਅੱਠਵਾਂ ਕਾਂਡ**

# ਆਤਮ ਦਾਨ—ਜੀਅ ਦਾਨ

ਜੀਵ-ਆਤਮਾ ਦੇ ਆਤਮਾ-ਪਰਮਾਤਮਾ ਦਾ ਰੂਪ ਬਣ ਜਾਣ 'ਤੇ ਕੋਈ ਅਜਿਹੀ ਹਾਲਤ ਨਹੀਂ ਵਾਪਰਦੀ ਜੋ ਪਾਣੀ ਦੇ ਪਾਣੀ ਵਿਚ ਮਿਲ ਜਾਣ ਜਾਂ ਕਿਰਨ ਦੇ ਸੂਰਜ ਵਿਚ ਮਿਲ ਜਾਣ ਵਾਂਗ ਨਿਰੰਕਾਰ ਜੀ ਨੂੰ ਹੀ ਉਸ ਜੀਵ-ਆਤਮਾ ਦੀ ਪਛਾਣ ਨਾ ਰਹੇ। ਜਿੰਨਾ ਚਿਰ ਸ੍ਰਿਸ਼ਟੀ-ਰਚਨਾ ਕਾਇਮ ਹੈ, ਓਨਾ ਚਿਰ ਸਭ ਜੀਵ-ਆਤਮਾ ਕਾਇਮ ਰਹਿੰਦੇ ਹਨ। ਇਹ ਗੱਲ ਵੱਖਰੀ ਹੈ ਕਿ ਕੋਈ ਜੂਨਾਂ ਦੇ ਚੱਕਰ ਵਿਚ ਪਏ ਰਹਿਣ ਤੇ ਕੋਈ ੧ਓ ਜੀ ਦਾ ਰੂਪ ਬਣ ਕੇ ਉਸ ਵਿਚ ਸਮਾਏ ਰਹਿਣ। ਇਸੇ ਕਰਕੇ ਜਦੋਂ ਦਸਮ ਪਾਤਸ਼ਾਹ ਜੀ ਦੁਸ਼ਟ ਦਮਨ ਦੇ ਰੂਪ ਵਿਚ ਹੇਮਕੁੰਟ ਅਸਥਾਨ 'ਤੇ ਅਧਿਕ ਤਪੱਸਿਆ ਸਾਧਨਾਂ ਕਰਕੇ 'ਦ੍ਵੈ ਤੇ ਏਕ ਰੂਪ' ਹੋ ਗਏ ਤਾਂ ਅਕਾਲ ਪੁਰਖ ਜੀ ਨੇ ਉਨ੍ਹਾਂ ਨੂੰ ਲੋਕਾਂ ਦੇ ਕਲਿਆਣ ਲਈ ਮਾਤ ਲੋਕ ਵਿਚ ਭੇਜ ਦਿੱਤਾ:-

**ਅਬ ਮੈ ਅਪਨੀ ਕਥਾ ਬਖਾਨੋ ॥ ਤਪ[੧] ਸਾਧਤ ਜਿਹ ਬਿਧਿ ਮੁਹਿ ਆਨੋ ॥**
**ਹੇਮਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥**
**ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥ ਪੰਡ ਰਾਜ ਜਹ ਜੋਗ ਕਮਾਵਾ ॥**
**ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾ ਕਾਲ[੨] ਕਾਲਕਾ ਅਰਾਧੀ ॥੨॥**
**ਇਹ ਬਿਧਿ ਕਰਤ ਤਪਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥**
**[੩]ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥**
**ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾ ਤੇ ਭਏ ਪ੍ਰਸੰਨਿ ਗੁਰਦੇਵਾ ॥**
**ਤਿਨ ਪ੍ਰਭ ਜਬ ਆਇਸ[੪] ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥੪॥**
**ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ[੫] ਰਹੀ ਸ੍ਰੁਤਿ[੬] ਪ੍ਰਭਿ ਚਰਨਨ ਮਹਿ ॥**
**ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥੫॥**

(ਅਕਾਲਪੁਰਖ ਬਾਚ, ਚੌਪਈ)

**ਮੈ ਅਪਨਾ ਸੁਤ ਤੁਹਿ ਨਿਵਾਜਾ ॥ ਪੰਥ [੭]ਪ੍ਰਚੁਰ ਕਰਬੇ ਕਉ ਸਾਜਾ ॥**
**ਜਹਾ ਤਹਾ ਤੈ ਧਰਮੁ ਚਲਾਇ ॥ [੮]ਕੁਬੁਧਿ ਕਰਨ ਤੇ ਲੋਕ ਹਟਾਇ ॥੨੯॥**

(ਬਚਿਤ੍ਰ ਨਾਟਕ)

---

੧. ਤਪ ਕਰਦਿਆਂ ਨੂੰ।
੨. ਅਕਾਲ ਪੁਰਖ ਦੀ ਮਾਰਨ ਵਾਲੀ ਸ਼ਕਤੀ ਜੋ ਕਾਲ ਦਾ ਵੀ ਕਾਲ ਕਰ ਦਿੰਦੀ ਹੈ।
੩. ਮੇਰੇ ਪਿਤਾ ਤੇ ਮਾਤਾ ਨੇ।
੪. ਆਗਿਆ।
੫. ਖੁਭੀ।
੬. ਸੁਰਤੀ।
੭. ਪ੍ਰਚਾਰ ਕਰਨ ਲਈ।
੮. ਕੁਕਰਮ।

ਸੋ ਪ੍ਰਭੂ ਜੀ ਪੁੱਗੇ ਹੋਏ ਜੀਵ-ਆਤਮਾ ਨੂੰ ਪਰਉਪਕਾਰ ਹਿਤ, ਸਚਖੰਡ ਵਿਚੋਂ ਵੀ ਭੇਜ ਦਿੰਦੇ ਹਨ। ਇਹ ਜਨਮ-ਮਰਨ ਵਿਚ ਨਹੀਂ ਹੁੰਦੇ। ਇਹ ਕੇਵਲ ਆਤਮਿਕ ਜੀਵਨ ਦੇ ਕੇ ਲੋਕਾਂ ਨੂੰ ਪਰਮੇਸ਼ਰ-ਭਗਤੀ ਵਿਚ ਲਾਉਣ ਹਿਤ ਹੀ ਆਉਂਦੇ ਹਨ :-

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

(ਸੂਹੀ ਮ: ੫-੭੪੯)

ਸਹਜ ਪਦ ਵਿਚ ਅਰੂੜ ਜੀਵ-ਆਤਮਾ, ਆਤਮਾ-ਰੂਪ ਹੋਣ ਕਰਕੇ ਆਪ ਕਰਨ ਕਾਰਨ ਸਮਰੱਥ ਹੁੰਦਾ ਹੈ। ਪਰ ਭਾਵੇਂ ਸਾਰੀ ਖੇਡ ਇਸੇ ਦੀ ਹੁੰਦੀ ਹੈ, ਫਿਰ ਵੀ ਜੇ ਅਕਾਲ ਪੁਰਖ ਦੀ ਰਜ਼ਾ ਹੋਵੇ ਤਾਂ ਇਹ ਪਰਉਪਕਾਰ ਹਿਤ ਮਾਤ ਲੋਕ ਵਿਚ ਭੇਜਿਆ ਜਾ ਸਕਦਾ ਹੈ ਤੇ ਇਹ ਲੱਗੀ ਹੋਈ ਕਾਰ ਨਿਭਾਉਣ ਲਈ ਖ਼ੁਸ਼ੀ-ਖ਼ੁਸ਼ੀ ਜਗਤ-ਲਾੜਾ ਬਣ ਕੇ ਆਉਂਦਾ ਹੈ, ਮਾਇਆ ਜਾਲ ਤੋਂ ਡਰਦਾ ਝਿਜਕਦਾ ਨਹੀਂ। ਗੁਸਾਈਂ ਦਾ ਨਾਮੀ ਪਹਿਲਵਾਨ ਬਣ ਕੇ ਆਉਂਦਾ ਹੈ। ਉਹ ਜਿੰਨਾ ਚਿਰ ਜਗਤ ਵਿਚ ਰਹਿੰਦਾ ਹੈ, ਓਨਾ ਚਿਰ ਨਾਮ ਅਰੂੜ ਰਹਿ ਕੇ ਦੁਮਾਲਾ ਉੱਚਾ ਰੱਖਦਾ ਹੈ ਤੇ ਜਦੋਂ ਮੁੜ ਅਕਾਲੀ ਸੱਦਾ ਪੈਂਦਾ ਹੈ ਤਾਂ ਸਾਹਿਬ ਨੂੰ ਚਿਤ ਵਿਚ ਰੱਖ ਕੇ ਤੁਰ ਜਾਂਦਾ ਹੈ ਤੇ ਪਿਛੇ ਮਾਤ ਲੋਕ ਵਿਚ ਸੁਖ ਸ਼ਾਂਤੀ ਤੇ ਨਾਮ ਵੰਡ ਕੇ ਅਨੇਕ ਦੀਵੇ ਜਗਾ ਜਾਂਦਾ ਹੈ।

ਕਿਸੇ ਨੂੰ ਆਤਮ ਦਾਨ ਜਾਂ ਜੀਅਦਾਨੁ (ਅਮਰ ਜੀਵਨ) ਦੇਣਾ ਸਭ ਤੋਂ ਉੱਚਾ ਤੇ ਮਹਾਂਦਾਨ ਹੈ। ਇਸੇ ਕਰਕੇ ਗੁਰੂ ਨੂੰ ਸਭ ਤੋਂ ਵੱਡਾ ਦਾਤਾ ਆਖਿਆ ਗਿਆ ਹੈ :-

**ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥**

(ਸਿਰੀ ਰਾਗੁ ਮ: ੫-੫੨)

ਪਰ ਪੁੱਗ-ਖਲੋਤੇ ਨਾਮ-ਰਸੀਏ ਹੀ ਨਾਮ ਜਪਾਉਣ ਦੇ ਯੋਗ ਹੁੰਦੇ ਹਨ। 'ਬਾਣੀ-ਉਪਦੇਸ਼ ਨਾਮ ਦਾਨ' ਕਰਨ ਦੇ ਸਾਰੇ ਅਧਿਕਾਰ ਗੁਰੂ ਗ੍ਰੰਥ ਪੰਥ ਵਿਚ ਹਨ। ਨਾਮ ਰਸੀਏ, ਨਾਮ ਲਿਵ ਵਾਲੇ ਗੁਰਸਿੱਖ ਗੁਰਬਾਣੀ ਅਨੁਕੂਲ ਜਗਤ-ਉੱਧਾਰ ਕਰਨ ਨੂੰ ਸਮਰੱਥ ਕੀਤੇ ਗਏ ਹਨ।

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**

(ਮ: ੪-੩੦੬)

ਭਾਵ ਇਹ ਕਿ ਆਪ ਜਪਣਾ ਤੇ ਹੋਰਾਂ ਨੂੰ ਜਪਾਉਣਾ ਨਾਮ ਰਸੀਏ ਸਿੱਖ ਦੇ ਅਧਿਕਾਰ ਵਿਚ ਹੈ। ਜੋ ਗੁਰਸਿੱਖ ਨਾਮ ਰਸੀਏ ਹਨ, ਲਿਵ ਤੇ ਸਹਿਜ-ਪਦ 'ਤੇ ਅੱਪੜੇ ਹੋਏ ਹਨ, ਸਿੱਖੀ-ਬਿਰਛ ਦਾ ਸਫਲ ਫਲ ਹਨ, ਜੋ ਰਸ-ਰੂਪ ਹਨ ਤੇ ਰਸ-ਦਾਤੇ ਹਨ ਤੇ ਲਿਵ-ਧਾਰੀ ਹੋਣ ਕਰਕੇ ਸਤਿਗੁਰਾਂ ਦੇ ਚਰਨਾਂ ਨਾਲ ਲੱਗੇ



ਗੁਰਮੁਖ ਹਨ, ਇਨ੍ਹਾਂ ਦਾ ਧਰਮ ਹੈ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ। ਪਰ ਗੁਰੂ ਪਦ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ*।

ਆਤਮ-ਅਰੂੜ ਜੀਊੜੇ ਸਰੀਰ ਵਿਚ ਹੁੰਦੇ ਹੋਏ ਵੀ ਸਰੀਰ ਦੀ ਕੈਦ ਵਿਚ ਨਹੀਂ ਹੁੰਦੇ, ਸਰੀਰ ਤੋਂ ਸੁਤੰਤਰ ਵਿਚਰਦੇ ਰਹਿੰਦੇ ਹਨ। ਦਾਸੀ ਤੁਲਸਾਂ ਦੀ ਸਾਖੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਡੁੱਬਦੇ ਜਹਾਜ਼ ਨੂੰ ਸਮੁੰਦਰੋਂ ਪਾਰ ਕਰਨ ਲਈ ਸਰੀਰ ਪਿੱਛੇ ਛੱਡ ਕੇ ਜਾਂਦੇ ਹਨ। ਸਾਖੀ ਇਉਂ ਹੈ:-

'....ਤਬ ਬਾਬਾ ਜੀ ਜਾਇ ਸੁੱਤਾ। ਰਸੋਈ ਕਾ ਵਖਤੁ ਹੋਇਆ ਤਬ ਬਾਂਦੀ ਲਗੀ ਜਗਾਵਣਿ। ਤਬ ਬਾਬੇ ਦੇ ਚਰਣ ਜੀਭ ਨਾਲ ਚਟਿਅਸੁ। ਚਟਣੇ ਨਾਲ ਜਬ ਦੇਖੈ ਤਾਂ ਬਾਬਾਂ ਜੀ ਸਮੁੰਦਰ ਵਿਚਿ ਖੜਾ ਹੈ। ਸਿਖਾਂ ਦੇ ਬੋਹਿਥੁ ਨਾਲਿ ਧੱਕਾ ਦੇਂਦਾ ਹੈ, ਕਢਦਾ ਹੈ। ਤਬ ਮਾਤਾ ਭੀ ਆਇ ਗਈ। ਤਾਂ ਮਾਤਾ ਆਖਿਓਸੁ ! 'ਨਾਨਕ ਜਾਗਿਆ ਹੈ ? ਤਬ ਬਾਂਦੀ ਆਖਿਓਸੁ ! 'ਨਾਨਕੁ ਏਥੈ ਨਾਹੀ, ਮਾਤਾ ਜੀ ਸਮੁੰਦਰ ਵਿਚਿ ਖੜਾ ਹੈ।' ਤਾਂ ਮਾਤਾ ਬਾਂਦੀ ਜੋਗੁ ਲਗੀ ਮਾਰਣਿ। ਆਖਿਓਸ ! 'ਏਹ ਭੀ ਲਗੀ ਮਸਕਰੀਆਂ ਕਰਣ' ਤਬ ਬਾਬਾ ਜਾਗਿਆ ਤਾਂ ਮਾਤਾ ਆਖਿਆ। ਬੇਟਾ ! ਇਹ ਭੀ ਗੋਲੀ ਲਗੀ ਮਸਕਰੀਆਂ ਕਰਣ। ਆਖੈ ਜੁ-ਨਾਨਕ ਸਮੁੰਦਰ ਵਿਚ ਖੜਾ ਹੈ-' ਤਬ ਬਾਬੇ ਆਖਿਆ: 'ਮਾਤਾ ਜੀ ! ਕਮਲੀ ਗੋਲੀ ਦੇ ਆਖਿਐ ਲਗਣਾ ਨਾਹੀਂ।' ਤਬ ਬਾਂਦੀ ਕਮਲੀ ਹੋਇ ਗਈ। ਪਰੁ ਦਰਸਨ ਕਾ ਸਦਕਾ ਸੰਗਤਿ ਰਲੀ। ਤਬ ਲੋਕ ਬਹੁਤ ਨਾਉਂ ਧਰੀਕ ਹੋਏ।'**

ਇਸੇ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਬੰਨੇ ਲਾਇਆ ਸੀ। ਇਉਂ ਗੁਰੂ ਸਾਹਿਬਾਨ ਅਨੇਕਾਂ ਵਾਰ ਗੁਰਸਿੱਖਾਂ ਨੂੰ ਤਾਰਨ ਹਿਤ ਦਰਸ਼ਨ ਦਿੰਦੇ ਰਹੇ ਹਨ ਤੇ ਹੁਣ ਵੀ ਦਿੰਦੇ ਹਨ। ਅਜਿਹਾ ਤਰੇ ਹੋਏ ਪੂਰਨ ਗੁਰਮੁਖਿ ਹੀ ਕਰ ਸਕਦੇ ਹਨ ਜੋ ਹੋਰਨਾਂ ਨੂੰ ਤਾਰਨ ਦੇ ਸਮਰੱਥ ਹੁੰਦੇ ਹਨ। ਉਹ ਸਰੀਰ ਛੱਡਣ ਤੋਂ ਬਾਅਦ ਵੀ ਅਜਿਹੀ ਪ੍ਰੇਰਨਾ ਤੇ ਸਹਾਇਤਾ ਕਰਦੇ ਰਹਿੰਦੇ ਹਨ।

ਪਰਮਾਤਮਾ-ਰੂਪ ਹੋਏ ਆਤਮਾ ਦੂਜੇ ਲੋੜਵੰਦ ਜੀਵ-ਆਤਮਾਵਾਂ ਦੀ ਖਿੱਚ ਉਵੇਂ ਕਿਵੇਂ ਹੀ ਖਾਂਦੇ ਹਨ ਜਿਵੇਂ ਭਗਤ ਦੀ ਲੋੜ ਵੇਖ ਕੇ ਪ੍ਰਭੂ ਜੀ 'ਭਗਤ ਵਛਲ' ਬਣ ਕੇ ਨੱਠੇ ਆਉਂਦੇ ਹਨ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀ ਭਾਈ ਸਾਧੂ ਤੇ ਭਾਈ ਰੂਪੇ ਦੀ ਸ਼ਰਧਾ ਤੇ ਪਿਆਰ ਨੂੰ ਵੇਖ ਕੇ ਜੇਠ ਦੇ ਮਹੀਨੇ ਤੱਤੀਆਂ ਲੂਆਂ ਨੂੰ ਚੀਰ ਕੇ ਗੁਰੂ ਕੀ ਡਰੋਲੀ ਤੋਂ ੩੦ ਮੀਲ ਦੂਰੋਂ ਕੇਵਲ ਉਨ੍ਹਾਂ ਗੁਰੂ ਪਿਆਰਿਆਂ ਵਲੋਂ ਜੰਡ 'ਤੇ ਟੰਗੇ ਕੁੰਨ੍ਹੇ ਵਿਚਲਾ ਅਤਿ ਠੰਡਾ ਪਾਣੀ ਪੀਣ

* ਸ੍ਰੀ ਗੁਰੂ ਗ੍ਰੰਥ ਕੋਸ਼, ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ।

** 'ਪੁਰਾਤਨ ਜਨਮਸਾਖੀ', ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੁਆਰਾ, ਸੰਪਾਦਿਤ, ਪੰਨਾ-੧੦੭.

ਲਈ ਘੋੜੇ 'ਤੇ ਸਿਰਪਟ ਦੌੜਦੇ ਆਉਣਾ, ਉਨ੍ਹਾਂ ਦੀ ਪ੍ਰੇਮ-ਖਿੱਚ ਨੂੰ ਮਹਿਸੂਸ ਕਰਨ ਦਾ ਹੀ ਸਦਕਾ ਸੀ। ਇਹ ਪ੍ਰੇਮੀ ਘਰੋਂ ਤਾਂ ਲੱਕੜੀਆਂ ਕੱਟਣ ਲਈ ਜੰਗਲ ਵਿਚ ਆਏ ਸਨ ਅਤੇ ਇਥੇ ਕੁੰਨ੍ਹੇ ਦੇ ਪਾਣੀ ਨੂੰ ਅਤਿ ਠੰਡਾ ਵੇਖ ਕੇ ਪਹਿਲਾਂ ਗੁਰੂ ਨੂੰ ਛਕਾ ਕੇ ਬਾਅਦ ਵਿਚ ਆਪ ਛਕਣ ਦਾ ਮਨ ਬਣਾ ਲਿਆ ਸੀ ਅਤੇ ਗੁਰੂ ਦੀ ਉਡੀਕ ਕਰਦੇ ਬੇਹੋਸ਼ ਤਾਂ ਹੋ ਗਏ ਪਰ ਪਾਣੀ ਗੁਰੂ ਜੀ ਦੇ ਛਕਣ ਪਿਛੋਂ ਹੀ ਛਕਿਆ।

ਮਨ ਪਿੱਛੇ ਲੱਗ ਕੇ ਸਰੀਰਕ ਜੀਵਨ ਤਾਂ ਪਸ਼ੂ-ਪੰਛੀਆਂ ਵਾਂਗ ਸਭ ਬਤੀਤ ਕਰ ਹੀ ਰਹੇ ਹਨ ਪਰ ਕਿਸੇ ਨੂੰ ਇਸ ਸਰੀਰਕ ਜਿਲ੍ਹਣ ਵਿਚੋਂ ਕੱਢ ਕੇ ਆਤਮਕ ਜੀਵਨ ਦੇ ਰਾਹ 'ਤੇ ਤੋਰਨਾ ਕਿਸੇ ਵਡਭਾਗੇ ਜਨ ਦੇ ਹੀ ਹਿੱਸੇ ਆਇਆ। ਬ੍ਰਹਮ ਗਿਆਨ ਨੂੰ ਪ੍ਰਾਪਤ ਕਰਨ ਉਪਰੰਤ ਬ੍ਰਹਮ ਗਿਆਨੀ ਹੋਰਨਾਂ ਨੂੰ ਨਾਮ ਜਪਾਉਣ ਦੀ ਸੁਤੇ ਸੇਵਾ ਕੀਤੇ ਬਿਨਾਂ ਰਹਿ ਨਹੀਂ ਸਕਦਾ; ਅਜਿਹਾ ਕਰਨਾ ਉਸ ਦੇ ਸੁਭਾਅ ਦਾ ਅੰਗ ਹੀ ਬਣ ਜਾਂਦਾ ਹੈ। ਕਿਉਂ ਜੋ ਉਸ ਤੋਂ ਅਜਿਹੀ ਸੇਵਾ ਲੈਣ ਦੀ ਇੱਛਾ ਆਪ ਪਰਮਾਤਮਾ ਜੀ ਦੀ ਹੈ; ਉਨ੍ਹਾਂ ਦੇ ਚਿਤ ਵਿਚਲੀ ਦਇਆ ਤੇ ਗਰੀਬੀ ਵੀ ਅਜਿਹਾ ਹੀ ਕਰਨ ਲਈ ਉਸ ਨੂੰ ਪ੍ਰੇਰਦੀਆਂ ਹਨ। ਇਸ ਤਰ੍ਹਾਂ ਉਹ ਆਪਣੇ ਨਿਰੰਕਾਰ ਦੀ ਵੀ ਸੇਵਾ ਹੀ ਕਰ ਰਹੇ ਹੁੰਦੇ ਹਨ :-

**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ[੧] ॥**
**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ[੨]॥**

(ਗਉੜੀ ਸੁਖਮਨੀ ਮ: ੫-੨੭੩)

ਖਾਲਸਾ ਵੀ ਇਸੇ ਕਰਕੇ ਸਾਜਿਆ ਗਿਆ ਹੈ ਤਾਂ ਜੋ ਜਥੇਬੰਦ ਹੋ ਕੇ ਉਕਤ ਕਾਰ ਕੀਤੀ ਜਾ ਸਕੇ ਅਤੇ ਨਾਮ ਰੂਪੀ ਬੀਜੀ ਖੇਤੀ ਦੀ ਸਫਲ ਰਾਖੀ ਵੀ ਹੋ ਸਕੇ। ਇਹ ਖਾਲਸਾ ਆਪਣੇ ਗੁਰੂ ਵਾਲੀ ਇਹ ਅਰਦਾਸ ਨਿਤ ਹੀ ਕਰਦਾ ਹੈ:-

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ[੩] ॥**
**ਨ ਡਰੋਂ ਅਰਿ[੪] ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥**
**ਅਰੁ [੫]ਸਿਖ ਹੌ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥**
**ਜਬ [੬]ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥**

(ਚੰਡੀ ਚਰਿਤ੍ਰ, ਪਾ: ੧੦)

ਨੇਕੀ ਤੇ ਬਦੀ ਦੀ ਲੜਾਈ ਧੁਰੋਂ ਚਲੀ ਆਈ ਹੈ ਤੇ ਇਹ ਨਿਰੀ ਸ਼ਾਂਤਮਈ

---

੧. ਸਮਾਈ ਹੁੰਦੀ ਹੈ।
੨. ਉਮੰਗ, ਉਤਸ਼ਾਹ, ਪਰਉਪਕਾਰ ਦਾ ਚਾਅ ਹੁੰਦਾ ਹੈ।
੩. ਹੱਟਾਂ।
੪. ਵੈਰੀ।
੫. ਸਿਖਿਆ ਦੇਵਾਂ।
੬. ਉਮਰ ਦਾ ਅੰਤ ਸਮਾਂ ਆ ਜਾਵੇ।



ਢੰਗ ਨਾਲ ਨਹੀਂ ਲੜੀ ਜਾਂਦੀ। ਅਸੀਂ ਵੇਖਦੇ ਹਾਂ ਕਿ ਸੰਸਾਰ ਵਿਚ ਤਾਕਤ ਦੀ ਵਰਤੋਂ ਕਰਨ ਦੀ ਪੈਰ-ਪੈਰ 'ਤੇ ਲੋੜ ਪੈਂਦੀ ਹੈ ਪਰ ਖਾਲਸਾ ਕੇਵਲ ਉਦੋਂ ਹੀ ਸ਼ਕਤੀ ਦੀ ਵਰਤੋਂ ਕਰਦਾ ਹੈ ਜਦੋਂ ਗਰੀਬ-ਗਊ ਦੀ ਰੱਖਿਆ ਕਰਨ ਲਈ ਹੋਰ ਸਾਧਨ ਅਸਫ਼ਲ ਹੋ ਜਾਣ:-

**ਅਰ ਅਖਿਆਰ ਆਪ ਸਿਉ ਜੁਦਾ ਨ ਕਰੇ, ਸਿੰਘ ਮੁਖ ਗਊ ਹੋਏ ਰਹੇ। ਜਬ ਜਾਣੇ ਕਿ ਕੋਈ ਦੁਸ਼ਟ ਖਹਿੜਾ ਛਡਦਾ ਹੀ ਨਹੀਂ ਔਰ ਧਰਮ ਕੀ ਬਾਤ ਹੈ, ਰਾਜ ਨਿਆਵ ਨਹੀਂ ਕਰਦਾ ਤਬ ਵਕਤ ਦੇਖ ਕਰ ਸਸਤ੍ਰ ਚਲਾਵੈ, ਅੰਤ ਅੰਤ ਕੋ ਲਾਚਾਰੀ।**

(ਪ੍ਰੇਮ ਸੁਮਾਰਗ ਗ੍ਰੰਥ)

ਸਿਮਰਨ-ਨਾਮ-ਬਾਣੀ ਦਾ ਰੂਪ ਹੋਇਆ ਗੁਰਮੁਖ ਖ਼ਾਲਸਾ ਜੇ ਅਜਿਹਾ ਨਾ ਕਰਦਾ ਤਾਂ ਆਪਣੇ ਧਰਮ ਤੇ ਹੋਰਨਾਂ ਧਰਮਾਂ ਦੇ ਸਫਲ ਫਲਣ ਵਿਚ ਰੋਕ ਪੈ ਜਾਣੀ ਸੀ। ਇਸ ਕਰਕੇ ਸ਼ਸਤਰਧਾਰੀ ਹੋਣਾ ਜੀਅਦਾਨ ਕਰਨ ਦਾ ਇਹ ਇਕ ਜ਼ਰੂਰੀ ਅੰਗ ਹੈ ਜਿਸ ਤੋਂ ਗੁਰੂ ਗੋਬਿੰਦ ਸਿੰਘ ਜੀ ਪੂਰੇ ਜਾਣੂ ਸਨ। ਧੰਨ ਹਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਸਿੱਧ ਪੁਰਸ਼ਾਂ ਨੂੰ ਪਹਾੜਾਂ ਦੀਆਂ ਕੰਧਰਾਂ ਵਿਚ ਜਾਣ ਲਈ ਨਹੀਂ ਕਿਹਾ ਸਗੋਂ ਉਨ੍ਹਾਂ ਨੂੰ ਇਸੇ ਸੰਸਾਰ ਵਿਚ ਲੋਕ ਉਪਕਾਰ ਹਿਤ ਹੁਕਮ ਦੀ ਕਾਰ ਸੰਭਾਲ ਦਿੱਤੀ ਹੈ। ਇਹ ਆਪ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਜਪਾਉਂਦੇ ਹਨ ਤੇ ਸਭ ਲੋੜਵੰਦਾਂ ਦੀ ਇਕਸਾਰ ਰਾਖੀ ਰੱਖਦੇ ਹਨ। ਜਿਹੋ ਜਿਹਾ ਕਿਸੇ ਦਾ ਗੁਰੂ ਹੁੰਦਾ ਹੈ, ਉਹੋ ਜਿਹੇ ਹੀ ਉਸ ਦੇ ਸੇਵਕ ਹੁੰਦੇ ਹਨ। ਪੂਰੇ ਤੇ ਸੂਰੇ ਗੁਰੂ ਦੇ ਸੇਵਕ ਵੀ ਪੂਰੇ ਸੰਤ-ਸਿਪਾਹੀ ਹੀ ਹਨ ਜੋ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਨਾਲ ਕਲੋਲਾਂ ਕਰਦੇ ਹਨ। ਪਰਮਪਦ 'ਤੇ ਪਹੁੰਚਿਆਂ ਦੀ ਹੀ ਇਹ ਨਿਸ਼ਾਨੀ ਹੋਇਆ ਕਰਦੀ ਹੈ ਕਿ :-

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥**

(ਸਲੋਕ ਮ: ੯-੧੪੨੭)

ਇਹ ਨਿਡਰਤਾ ਖਾਲਸੇ ਨੂੰ ਖਾਲਸ ਬਣ ਜਾਣ 'ਤੇ ਪ੍ਰਾਪਤ ਹੁੰਦੀ ਹੈ। ਇਨ੍ਹਾਂ ਅੰਦਰ ਪੂਰਨ ਜੋਤਿ ਜਗੀ ਹੁੰਦੀ ਹੈ ਤੇ ਆਤਮ-ਰਸ ਵਿਚ ਇਹ ਸਦਾ ਖੀਵੇ ਰਹਿੰਦੇ ਹਨ। ਖਾਲਸੇ ਲਈ ਹੀ ਗੁਰੂ ਦਸਮ ਪਿਤਾ ਜੀ ਨੇ ਫ਼ੁਰਮਾਇਆ ਸੀ :-

**ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ॥**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ ॥**

(ਸਰਬਲੋਹ ਗ੍ਰੰਥ)

ਅਜਿਹੇ ਰੰਗ-ਰਤੜੇ ਗੁਰੂ-ਖਾਲਸੇ ਨੂੰ ਸਦਾ ਸਦਾ ਨਮਸਕਾਰ ਹੈ; ਬਾਰੰਬਾਰ

ਡੰਡੌਤ ਬੰਦਨਾ ਹੈ ਅਤੇ ਜਾਚਨਾ ਹੈ ਕਿ ਸਦਾ ਹੀ ਉਨ੍ਹਾਂ ਦੀ ਚਰਨ ਧੂੜ ਬਣੇ ਰਹੀਏ :-

**ਦਾਸਨਿ ਦਾਸ ਦਾਸ ਹੋਇ ਰਹੀਐ, ਜੋ ਜਨ ਰਾਮ ਭਗਤ [1]ਨਿਜ [2]ਭਈਆ ॥**

(ਬਿਲਾਵਲੁ ਮ: ੪-੮੩੪)

**ਵਾਹਿਗੁਰੂ ਜੀ ਕਾ ਖ਼ਾਲਸਾ ॥**
**ਵਾਹਿਗੁਰੂ ਜੀ ਕੀ ਫ਼ਤਹਿ ॥**

ooo

੧. ਆਪਣਾ, ਖ਼ਾਸ।  ੨. ਬਣ ਗਏ।